
SAINI BHAWAN RUPNAGAR PUNJAB
ਸਰਬਤ ਦਾ ਭਲਾ
Estd. 1971

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

ਸੈਣੀ ਸੰਸਾਰ
Saini Sansar

62
Oct.- Dec. 2026

ਮਹਾਂ ਬਲੀ ਰਣਜੀਤ ਸਿੰਘ ਹੋਇਆ ਪੈਦਾ, ਨਾਲ ਜ਼ੋਰ ਦੇ ਮੁਲਕ ਜਿਣਾਇ ਗਿਆ।
ਮੁਲਤਾਨ ਕਸ਼ਮੀਰ, ਪਿਸ਼ੌਰ, ਚੰਬਾ, ਜੰਮੂ ਕਾਂਗੜਾ ਕੋਟ ਨਿਚਾਇ ਗਿਆ।



- ਸੈਣੀ ਭਵਨ ਦੀਆਂ ਸਰਗਰਮੀਆਂ
- ਸਫ਼ਲ ਸੈਣੀ ਸਖ਼ਸ਼ੀਅਤਾਂ
- ਗਿਆਨ-ਵਿਗਿਆਨ
- ਵਧਾਈਆਂ ਅਤੇ ਸ਼ਰਧਾਂਜਲੀਆਂ
- ਸਿਹਤਮੰਦ ਜੀਵਨ ਜਾਚ
- ਰੌਚਕ ਸਾਹਿਤਕ ਰਚਨਾਵਾਂ
- ਸੈਣੀ ਭਵਨ ਦੇ ਦਾਨੀ ਸੱਜਣ
- ਮੈਟਰੀਮੋਨੀਅਲਜ਼

P U B L I S H E R S

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

Volume - XVI, Issue - IV

Saini Sansar

(Quarterly)

Oct. - Dec. 2026

PUBLISHER, PRINTER & OWNER
Kaka Ram Saini Charitable Trust (Regd.)
Saini Bhawan,
Roopnagar-140001 (Pb.)

PRINTING PRESS
Tej Printing Press
Phool Chakkar Bazar,
Roopnagar -140001 (Pb.)

PLACE OF PUBLICATION
Saini Bhawan
Roopnagar -140001 (Pb.)

CHIEF EDITOR (HONORARY)
Dr. Ajmer Singh Tamber
B-12/5057, Guru Nagar,
Chandigarh Road, Roopnagar-
140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

FOUNDER
Late Sh. L.R. Mundra
Asstt. Police Commissioner
(Delhi) (Retd.)

CHIEF EDITOR
Dr. Ajmer Singh Tamber
Dy. Director (Edu.) Pb. (Retd.)
Ph. : 94176-02835

MANAGER (Accounts)
S. Rajinder Singh
Supdtt. Secretriate
(Retd.)
Ph. : 94646-49922

MANAGER (Circulation)
S. Jagdev Singh
J.E. PSPCL (Retd.)
Ph. : 98883-96364

EDITORIAL BOARD

Dr. Jaswant Kaur Saini
Associate Professor (Retd.)
Ph. : 94178-02835

S. Balbir Singh Saini
Editor Magzine "Sool Surahi"
Ph. : 94646-47540

Sh. Rajinder Saini
Asstt. Public Relations Officer (Retd.)
Ph. : 98722-20400

S. Surinder Singh
Inspector Health Deptt. (Rtd.)
Ph. : 99880-06822

Assistant Manager (Circulation)
S. Daljit Singh
Desk Controller, PSPCL (Retd.)
Ph. : 99148-30323

ADVISORS :

India : **S. Bahadurjeet Singh** President Rupnagar Press Club.
Dr. Narinder 'Nindi' Director Pb. Arts International Chd.

Australia : **Harjit Singh Saini (Lasara)**
#41, Morris Crescent, Bellbird Park, 4300 Lpswic QLD-Australia

U.S.A. : **Dr. Manavpreet Kaur** Professor (English)
10936, Brighton Lane, Frisco, Tx-75033 (USA)

U.K. : **Sh. Tarsem Singh Saini**
14, Forest Road, Cambridge-CB1 9JB (U.K.)

Canada : **Dr. D.P. Singh**
2516, Pollard, Drive Mississauga, Ontario, Canada-LSC3HI

Subscription / Assistance Money	India	Abroad
One Copy	₹ 30	2 £, 4 $, 4 €
Annual (Four Copies)	₹ 100	8 £, 15 $, 15 €
For Five Years	₹ 500	40 £, 75 $, 75 €

ਚੰਦਾ/ਸਹਾਇਤਾ ਰਾਸ਼ੀ	ਭਾਰਤ	ਵਿਦੇਸ਼
ਇੱਕ ਕਾਪੀ	30 ਰੁਪਏ	2 ਪੌਂਡ, 4 ਡਾਲਰ, 4 ਯੂਰੋ
ਸਾਲਾਨਾ (ਚਾਰ ਕਾਪੀਆਂ)	100 ਰੁਪਏ	8 ਪੌਂਡ, 15 ਡਾਲਰ, 15 ਯੂਰੋ
ਪੰਜ ਸਾਲ (20 ਕਾਪੀਆਂ)	500 ਰੁਪਏ	40 ਪੌਂਡ, 75 ਡਾਲਰ, 75 ਯੂਰੋ

ਨੋਟ : ਆਪ ਦਾ ਚੰਦਾ [ ] ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Make any type of Payment Through QR Code & Inform Saini Bhawan



Address for Correspondence and sending assistance money :
President, Kaka Ram Saini Charitable Trust (Regd.)
Saini Bhavan, Roopnagar-140001, Punjab - India
Ph. : 01881-220078, 220181
Our Bank : Indian Bank, Ropar. IFSC Code : IDIB000R027 Account No. : 833562779
E-mail : sainibhawanrpr@gmail.com
Website : www.sainibhawan.org

Date of Publication : 04.10.2026

ਸੈਣੀ ਸੰਸਾਰ

ਜਿਲਦ 16, ਅੰਕ 4 (ਤਿਮਾਹੀ) ਅਕਤੂਬਰ-ਦਸੰਬਰ 2026

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com
ਫੋਨ : 9876626588

ਪ੍ਰਕਾਸ਼ਨਾ ਸਥਾਨ
ਸੈਣੀ ਭਵਨ
ਰੂਪਨਗਰ - 140001 (ਪੰਜਾਬ)

ਮੁੱਖ ਸੰਪਾਦਕ (ਆਨਰੇਰੀ)
ਡਾ. ਅਜਮੇਰ ਸਿੰਘ ਤੰਬੜ
ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।

ਮੁੱਖ ਪੰਨੇ 'ਤੇ ਫੋਟੋ: ਮਹਾਰਾਜਾ ਰਣਜੀਤ ਸਿੰਘ ਅਤੇ ਲਾਰਡ ਵਿਲੀਅਮ ਬੈਂਟਿੰਗ ਵਿਚਕਾਰ 26 ਅਕਤੂਬਰ 1831 ਨੂੰ ਰੂਪਨਗਰ ਵਿਖੇ ਸਤਲੁਜ ਕੰਢੇ ਹੋਈ ਸੰਧੀ ਦਾ ਦ੍ਰਿਸ਼।

ਤੱਤਕਰਾ

ਕੀ	ਕਿੱਥੇ
ਸੰਪਾਦਕੀ-ਮਸਨੂਈ ਬੁੱਧੀ (ਏ.ਆਈ.) ਮਨੁੱਖ ਦੀ ਸਹਿਯੋਗੀ	3
ਕਵਿਤਾ	4
ਸੈਣੀ ਭਵਨ ਦੀਆਂ ਸਰਗਰਮੀਆਂ	5-7
ਨਿਰੰਤਰ ਵਹਿੰਦੀ ਰਹੇ ਜੀਵਨ-ਧਾਰਾ	8-9
ਸੈਣੀ ਸ਼ਹੀਦ ਯੋਧਾ-ਭਾਈ ਸੁਖਦੇਵ ਸਿੰਘ ਸੁੱਖਾ	10-11
ਕਵਿਤਾ	11
ਡਿਜੀਟਲ ਇਕਲਾਪਾ	12-13
Donors for Scholarships 2026-27	14
ਕਹਾਣੀ - ਧੁੰਦ 'ਚ ਲੋਅ	15
ਸੈਣੀ ਬਰਾਦਰੀ ਦੇ ਮਾਣਮੱਤੇ ਨੌਜਵਾਨ	16-17
ਦਿਮਾਨ ਨਵਾਂ - ਸੋਚ ਪੁਰਾਣੀ	18-19
The Unseen Shield	20
ਪਾਣੀ ਬਚਾਈਏ	21-22
ਕਵਿਤਾਵਾਂ	23
ਅੱਜ ਵਿੱਚ ਜਿਊਣਾ ਸਿੱਖੋ	24
ਅਮਰ ਸ਼ਹੀਦ ਬੀਬੀ ਸ਼ਰਨ ਕੌਰ ਜੀ ਦੀ ਜੀਵਨ ਦੀ ਗਾਥਾ ਦਾ ਸੱਚ	25
ਸੋਲਰ ਪੈਨਲ - ਬਿਜਲੀ ਉਤਪਾਦਨ ਵੀ ਸਮਾਜ ਸੇਵਾ ਵੀ	26-27
ਕਹਾਣੀ - ਕੈਸੀ ਸੰਤਾਨ	28
ਪ੍ਰਤਿਭਾਸ਼ਾਲੀ ਬਾਲ ਵਿਗਿਆਨੀ - ਓਂਕਾਰ ਸਿੰਘ ਬੱਤਰਾ	29
ਰਾਸ਼ਟਰ ਮੰਡਲ ਖੇਡਾਂ 2026, ਭਾਰਤ ਦੀ ਕਾਰਗੁਜਾਰੀ	30
Matrimonials	31-40

"ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

	ਇੱਕ ਕਾਪੀ	ਸਾਲਾਨਾ (ਚਾਰ ਕਾਪੀਆਂ)
ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ)	: 3500 ਰੁ:	13000 ਰੁ:
ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ)	: 3000 ਰੁ:	11000 ਰੁ:
ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ)	: 2000 ਰੁ:	7000 ਰੁ:
ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ)	: 2500 ਰੁ:	9000 ਰੁ:
ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ)	: 1500 ਰੁ:	5500 ਰੁ:
ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ)	: 2000 ਰੁ:	7000 ਰੁ:
ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ)	: 1300 ਰੁ:	5000 ਰੁ:
ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ	4 ਸੈ.ਮੀ. x 6 ਸੈ.ਮੀ. : 500 ਰੁ:	8 ਸੈ.ਮੀ. x 6 ਸੈ.ਮੀ. = 1000 ਰੁ:

ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

ਸੰਪਾਦਕੀ



ਮਸਨੂਈ ਬੁੱਧੀ (ਏ.ਆਈ.)- ਮਨੁੱਖ ਦੀ ਵਿਰੋਧੀ ਨਹੀਂ, ਸਹਿਯੋਗੀ

ਅਜਮੇਰ ਸਿੰਘ (ਡਾ.)
ਰੂਪਨਗਰ

ਵਿਗਿਆਨ ਦਾ ਮੁਢਲਾ ਸੁਭਾ ਨਿਰੰਤਰ ਤਬਦੀਲੀ ਅਤੇ ਵਿਕਾਸ ਹੈ। ਮੁੱਢ ਕਦੀਮ ਤੋਂ ਮਨੁੱਖ ਨੇ ਇਸ ਦੀਆਂ ਤਕਨੀਕੀ ਉਪਲਬਧੀਆਂ ਨੂੰ ਉਸਾਰੂ ਤੇ ਢਾਊ ਦੋਵੇਂ ਦ੍ਰਿਸ਼ਟੀਕੋਨਾਂ ਤੋਂ ਦੇਖਿਆ ਹੈ। ਇਨ੍ਹਾਂ ਨੇ ਅਗਾਂਹਵਧੂ ਸੋਚਣੀ ਵਾਲੇ ਮਨੁੱਖਾਂ ਵਿੱਚ ਉਤਸ਼ਾਹ ਪੈਦਾ ਕੀਤਾ ਪਰ ਰੂੜ੍ਹੀਵਾਦੀ ਸੋਚ ਦੇ ਮਾਲਕ ਮਨੁੱਖਾਂ ਵਿੱਚ ਸ਼ੱਕ ਅਤੇ ਡਰ ਪੈਦਾ ਕੀਤਾ। ਪਰ ਇਸ ਤਬਦੀਲੀ ਦੀ ਰਫ਼ਤਾਰ ਰੁਕੀ ਨਹੀਂ। ਜਿਹੜੇ ਇਸ ਦੇ ਕਦਮ ਨਾਲ ਕਦਮ ਮਿਲਾ ਕੇ ਚੱਲ ਪਏ ਉਹ ਅਗਾਂਹ ਵਧ ਗਏ ਪਰ ਇਸ ਅੱਗੇ ਰੋੜਾ ਬਣਨ ਵਾਲੇ ਪਿੱਛੇ ਧੱਕ ਦਿੱਤੇ ਗਏ। ਇਤਿਹਾਸ ਗਵਾਹ ਹੈ ਕਿ ਹਰ ਵੱਡੀ ਤਕਨਾਲੌਜੀ ਜਿਵੇਂ ਭਾਫ਼ ਦਾ ਇੰਜਣ, ਬਿਜਲੀ, ਕੰਪਿਊਟਰ ਅਤੇ ਇੰਟਰਨੈੱਟ ਦੇ ਆਗਮਨ ਨੇ ਅਜਿਹੀ ਸਥਿਤੀ ਪੈਦਾ ਕੀਤੀ ਸੀ। ਹੁਣ ਏ.ਆਈ ਸਬੰਧੀ ਵੀ ਮਨੁੱਖਾਂ ਦੇ ਮਨ ਵਿੱਚ ਇੱਕੋ ਪ੍ਰਸ਼ਨ ਉੱਠ ਰਿਹਾ ਹੈ ਕਿ ਆਉਣ ਵਾਲੇ ਦਹਾਕੇ ਵਿੱਚ ਉਹ ਮਸ਼ੀਨਾਂ ਅੱਗੇ ਬੇਰੁਜ਼ਗਾਰ ਹੋ ਜਾਣਗੇ। ਇਹ ਚਿੰਤਾ ਬੇਬੁਨਿਆਦ ਵੀ ਨਹੀਂ ਹੈ।

ਏ.ਆਈ. ਕੇਵਲ ਜਾਣਕਾਰੀ ਦੇਣ ਵਾਲਾ ਸਾਧਨ ਨਹੀਂ, ਇਹ ਰਿਪੋਰਟਾਂ ਲਿਖ ਰਿਹਾ ਹੈ, ਕੰਪਿਊਟਰ ਕੋਡ ਤਿਆਰ ਕਰ ਰਿਹਾ ਹੈ, ਡਿਜ਼ਾਇਨ ਬਣਾ ਰਿਹਾ ਹੈ, ਬਿਮਾਰੀਆਂ ਦੀ ਪਛਾਣ ਕਰ ਰਿਹਾ ਹੈ ਅਤੇ ਕਾਨੂੰਨੀ ਦਸਤਾਵੇਜ਼ਾਂ ਦਾ ਵਿਸ਼ਲੇਸ਼ਣ ਕਰ ਰਿਹਾ ਹੈ। ਜਿਹੜੇ ਕੰਮ ਪਹਿਲਾਂ ਸਿਰਫ਼ ਮਨੁੱਖ ਹੀ ਕਰ ਰਿਹਾ ਸੀ, ਉਹ ਸਾਰੇ ਹੁਣ ਏ.ਆਈ. ਦੀ ਪਹੁੰਚ ਵਿੱਚ ਹਨ। ਇਸ ਨਾਲ ਕਈ ਰੁਜ਼ਗਾਰ ਖਤਮ ਹੋਣਗੇ ਪਰ ਕਈ ਨਵੇਂ ਪੇਸ਼ੇ ਅਤੇ ਉਦਯੋਗ ਪੈਦਾ ਵੀ ਹੋਣਗੇ। ਉਦਯੋਗਕ ਕ੍ਰਾਂਤੀ ਨੇ ਵੀ ਉਨ੍ਹਾਂ ਨੂੰ ਪਿੱਛੇ ਛੱਡਿਆ ਸੀ ਜਿਨ੍ਹਾਂ ਨੇ ਨਵੀਆਂ ਮਸ਼ੀਨਾਂ ਅਤੇ ਹੁਨਰ ਨੂੰ ਸਵੀਕਾਰ ਨਹੀਂ ਕੀਤਾ ਸੀ। ਵਿਸ਼ਵ ਆਰਥਿਕ ਮੰਚ ਦੀ ਰਿਪੋਰਟ ਅਨੁਸਾਰ 2030 ਤੱਕ 92 ਮਿਲੀਅਨ ਨੌਕਰੀਆਂ ਪ੍ਰਭਾਵਿਤ ਹੋ ਸਕਦੀਆਂ ਹਨ ਪਰ ਇਸ ਦੇ ਨਾਲ ਹੀ 170 ਮਿਲੀਅਨ ਨਵੀਂਆਂ ਨੌਕਰੀਆਂ ਪੈਦਾ ਹੋਣ ਦੀ ਸੰਭਾਵਨਾ ਹੈ। ਇਸ ਦਾ ਅਰਥ ਹੈ ਕਿ ਸੰਕਟ ਨੌਕਰੀਆਂ ਦਾ ਨਹੀਂ, ਹੁਨਰ ਦਾ ਹੈ। ਜਿਨ੍ਹਾਂ ਪਾਸ ਨਵਾਂ ਹੁਨਰ ਹੋਵੇਗਾ ਉਨ੍ਹਾਂ ਲਈ ਮੌਕੇ ਵਧਣਗੇ ਪਰ ਜਿਹੜੇ ਆਪਣੇ ਆਪ ਨੂੰ ਨਹੀਂ ਬਦਲਣਗੇ ਉਹ ਸਭ ਤੋਂ ਵੱਧ ਪ੍ਰਭਾਵਿਤ ਹੋਣਗੇ। ਸਮੁੱਚੇ ਤੌਰ 'ਤੇ ਏ.ਆਈ. ਨੌਕਰੀਆਂ ਨੂੰ ਖਤਮ ਨਹੀਂ ਕਰੇਗਾ ਸਗੋਂ ਕਈ ਖੇਤਰਾਂ ਵਿੱਚ ਮਨੁੱਖੀ ਉਤਪਾਦਕਤਾ ਅਤੇ ਆਮਦਨ ਵਿੱਚ ਵਾਧਾ ਕਰੇਗਾ।

ਇਸ ਪ੍ਰਕਾਰ ਏ.ਆਈ. ਮਨੁੱਖ ਨਾਲ ਜੰਗ ਨਹੀਂ ਲੜ ਰਿਹਾ। ਇਹ ਉਨ੍ਹਾਂ ਮਨੁੱਖਾਂ ਨਾਲ ਮੁਕਾਬਲਾ ਕਰ ਰਿਹਾ ਹੈ ਜੋ ਆਪਣੇ ਹੁਨਰ ਨੂੰ ਸਮੇਂ ਨਾਲ ਬਦਲ ਨਹੀਂ ਰਹੇ। ਜੇ ਭਾਰਤ ਵਿੱਚ ਸਿੱਖਿਆ ਅਤੇ ਹੁਨਰ ਦੇ ਵਿਕਾਸ ਦੀ ਰਫ਼ਤਾਰ ਹੌਲੀ ਰਹੀ ਤਾਂ ਏ.ਆਈ ਤਕਨਾਲੌਜੀ ਰੁਜ਼ਗਾਰ ਦੇ ਖੇਤਰ ਵਿੱਚ ਅਸਮਾਨਤਾ ਨੂੰ ਹੋਰ ਡੂੰਘਾ ਕਰ ਸਕਦੀ ਹੈ। ਇਸ ਲਈ ਸਵਾਲ ਇਹ ਹੈ ਕਿ ਤੁਸੀਂ ਏ.ਆਈ. ਨਾਲ ਮਿਲ ਕੇ ਕੰਮ ਕਰਨ ਲਈ ਖ਼ੁਦ ਨੂੰ ਤਿਆਰ ਕਰ ਰਹੇ ਹੋ ਜਾਂ ਨਹੀਂ। ਕਈ ਕੰਮਾਂ ਵਿੱਚ ਏ.ਆਈ. ਮਨੁੱਖਾਂ ਨਾਲੋਂ ਵੱਧ ਨਿਪੁੰਨ ਹੈ। ਰੋਜ਼ਾਨਾ ਦੇ ਕਈ ਕੰਮ ਏ.ਆਈ. ਦੀ ਮਦਦ ਨਾਲ ਤੇਜ਼, ਕਿਫ਼ਾਇਤੀ ਅਤੇ ਵਧੀਆ ਢੰਗ ਨਾਲ ਹੋ ਸਕਦੇ ਹਨ। ਭਵਿੱਖ ਵਿੱਚ ਏ.ਆਈ ਨੂੰ ਸਹਾਇਕ ਬਣਾ ਕੇ ਕੰਮ ਕਰਨ ਵਾਲਾ ਕਰਮਚਾਰੀ ਵੱਧ ਮੁੱਲਵਾਨ ਹੋਵੇਗਾ। ਹੁਣ ਰੁਜ਼ਗਾਰਦਾਤਾ ਕੇਵਲ ਅਕਾਦਮਿਕ ਯੋਗਤਾ ਨੂੰ ਨਹੀਂ, ਸਗੋਂ ਏ.ਆਈ ਸਾਖ਼ਰਤਾ, ਡੇਟਾ, ਵਿਸ਼ਲੇਸ਼ਣ, ਡਿਜ਼ੀਟਲ ਸਹਿਯੋਗ, ਸੰਚਾਰ ਕੌਸ਼ਲਤਾ ਅਤੇ ਲਗਾਤਾਰ ਸਿੱਖਣ ਦੀ ਸਮਰਥਾ ਨੂੰ ਤਰਜੀਹ ਦੇ ਰਹੇ ਹਨ। ਆਉਣ ਵਾਲੇ ਸਮੇਂ ਵਿੱਚ ਇੱਕ ਸਾਧਾਰਨ ਗ੍ਰੈਜੂਏਟ ਨਾਲੋਂ ਉਹ ਵਿਅਕਤੀ ਵੱਧ ਮੁੱਲਵਾਨ ਹੋਵੇਗਾ ਜੋ ਏ.ਆਈ.ਦੀ ਮਦਦ ਨਾਲ ਆਪਣੀ ਉਤਪਾਦਕਤਾ ਨੂੰ ਦੋ ਜਾਂ ਤਿੰਨ ਗੁਣਾ ਵਧਾ ਸਕੇ। ਇਸ ਲਈ ਅੱਜ ਦੀ ਸਭ ਤੋਂ ਵੱਡੀ ਲੋੜ ਨੌਕਰੀ ਬਚਾਉਣ ਦੀ ਨਹੀਂ, ਸਗੋਂ ਆਪਣੇ ਹੁਨਰ ਨੂੰ ਨਵਿਆਉਣ ਅਤੇ ਨਵੇਂ ਹੁਨਰ ਸਿੱਖਣ ਦੀ ਹੈ। ਜਿਹੜੇ ਵਿਦਿਆਰਥੀ, ਅਧਿਆਪਕ ਅਤੇ ਪੇਸ਼ੇਵਰ ਲੋਕ ਹੁਣ ਤੋਂ ਹੀ ਏ.ਆਈ. ਨੂੰ ਸਮਝਣਾ ਅਤੇ ਵਰਤਣਾ ਸ਼ੁਰੂ ਕਰ ਦੇਣਗੇ, ਉਹ ਇਸ ਬਦਲਾਅ ਦੇ ਮੋਹਰੀ ਬਣਨਗੇ।

ਹੁਣ ਲੋੜ ਦੇਸ਼ ਦੀ ਸਿੱਖਿਆ ਨੀਤੀ ਵਿੱਚ ਤਬਦੀਲੀ ਦੀ ਹੈ। ਸਿੱਖਿਆ ਦਾ ਕੇਵਲ ਡਿਗਰੀ ਕੇਂਦਰਿਤ ਨਹੀਂ ਸਗੋਂ ਹੁਨਰ ਕੇਂਦਰਿਤ, ਬਹੁਵਿਸ਼ਾਗਤ, ਲਚਕਦਾਰ ਅਤੇ ਰੁਜ਼ਗਾਰਮੁਖੀ ਹੋਣੀ ਜ਼ਰੂਰੀ ਹੈ। ਸਿੱਖਿਆ ਨੀਤੀ ਦਾ ਉਦੇਸ਼ ਅਜਿਹੇ ਵਿਦਿਆਰਥੀ ਤਿਆਰ ਕਰਨਾ ਹੋਵੇ ਜੋ ਸਿਰਫ਼ ਜਾਣਕਾਰੀ ਯਾਦ ਨਾ ਕਰਨ ਸਗੋਂ ਆਲੋਚਨਾਤਮਿਕ ਚਿੰਤਨ, ਸਮੱਸਿਆ ਸੁਲਝਾਊ, ਰਚਨਾਤਮਿਕਤਾ, ਡਿਜੀਟਲ ਸਾਖ਼ਰਤਾ ਅਤੇ ਜੀਵਨ ਭਰ ਸਿੱਖਣ ਵਾਲੀਆਂ ਯੋਗਤਾਵਾਂ ਨਾਲ ਲੈਸ ਹੋਣ। ਏ.ਆਈ ਨੂੰ ਕੇਵਲ ਚੁਣੌਤੀ ਨਹੀਂ ਸਗੋਂ ਵਿਕਾਸ ਦੇ ਮੌਕੇ ਵਜੋਂ ਦੇਖਣ ਦੀ ਲੋੜ ਹੈ। ਭਵਿੱਖ ਉਨ੍ਹਾਂ ਦਾ ਹੋਵੇਗਾ ਜੋ ਸਿੱਖਣਾ ਨਹੀਂ ਛੱਡਣਗੇ, ਆਪਣੇ ਹੁਨਰ ਨੂੰ ਲਗਾਤਾਰ ਨਿਖਾਰਦੇ ਰਹਿਣਗੇ ਅਤੇ ਏ.ਆਈ. ਨੂੰ ਮੁਕਾਬਲੇਬਾਜ਼ ਨਹੀਂ ਸਗੋਂ ਸਹਾਇਕ ਵਜੋਂ ਅਪਣਾਉਣਗੇ। ਨੌਕਰੀਆਂ ਦਾ ਭਵਿੱਖ ਏ.ਆਈ. ਨਹੀਂ, ਸਾਡੀ ਸਿੱਖਣ ਦੀ ਇੱਛਾ ਅਤੇ ਬਦਲਾਅ ਨੂੰ ਸਵੀਕਾਰ ਕਰਨ ਦੀ ਸਮਰੱਥਾ ਤੈਅ ਕਰੇਗੀ।

ਭਵਿੱਖ ਦੀਆਂ ਸਫ਼ਲ ਸੰਸਥਾਵਾਂ ਉਹ ਹੋਣਗੀਆਂ ਜਿੱਥੇ ਮਨੁੱਖੀ ਕਰਮਚਾਰੀ ਅਤੇ ਏ.ਆਈ. ਏਜੰਟ ਇਕੱਠੇ ਕੰਮ ਕਰਨਗੇ। ਏ.ਆਈ. ਡੇਟਾ ਵਿਸ਼ਲੇਸ਼ਣ, ਦਸਤਾਵੇਜ਼ ਤਿਆਰ ਕਰਨ ਅਤੇ ਰੁਟੀਨ ਕੰਮਾਂ ਨੂੰ ਸੰਭਾਲੇਗਾ ਜਦੋਂਕਿ ਮਨੁੱਖ ਰਣਨੀਤੀ, ਨਵੀਨਤਾ, ਟੀਮ ਪ੍ਰਬੰਧਨ ਅਤੇ ਫ਼ੈਸਲੇ ਕਰਨ ਦੀ ਜ਼ਿੰਮੇਵਾਰੀ ਨਿਭਾਏਗਾ। ਇਸ ਪ੍ਰਕਾਰ ਇਹ ਮਾਡਲ 'ਮਨੁੱਖ ਬਨਾਮ ਏ.ਆਈ.' ਨਹੀਂ ਸਗੋਂ 'ਮਨੁੱਖ + ਏ.ਆਈ' ਹੈ।

ਉਂਜ ਦੂਜੀਆਂ ਵਿਗਿਆਨਕ ਉਪਲਬਧੀਆਂ ਵਾਂਗ ਮਸਨੂਈ ਬੁੱਧੀ ਦੀ ਗੈਰਸਮਾਜਿਕ ਲੋਕਾਂ ਵਲੋਂ ਦੁਰਵਰਤੋਂ ਕੀਤੇ ਜਾਣ ਤੋਂ ਖਬਰਦਾਰ ਰਹਿਣ ਦੀ ਵੀ ਲੋੜ ਹੈ। ਕਿਤੇ ਅੀਜਹਾ ਨਾ ਹੋਵੇ ਕਿ ਇਸ ਨਾਲ ਵਿਕਾਸ ਨੂੰ ਅੱਗੇ ਤੋਰਦੇ ਤੋਰਦੇ ਅਸੀਂ ਆਪਣੇ ਸਮਾਜਿਕ ਤਾਣੇਬਾਣੇ ਨੂੰ ਹੀ ਉਲਝਾ ਲਈਏ। ਇਸ ਲਈ ਏ.ਆਈ. ਤਕਨੀਕ ਨੂੰ ਸਮਝਦਾਰੀ ਨਾਲ ਸਵੀਕਾਰ ਕਰਨ ਦੀ ਜ਼ਰੂਰਤ ਹੈ।

❋ ❋ ❋ ❋ ❋

ਕਵਿਤਾ

ਹੈਲੋ ਪਾਪਾ !

ਜੋਗਿੰਦਰ ਆਜ਼ਾਦ

ਬਹੁਤ ਬੇਚੈਨ ਹੋ ਨਾ ਤੁਸੀਂ
ਮੇਰੇ ਸਿਰ 'ਤੇ ਲੱਗੀਆਂ ਸੱਟਾਂ
ਅਤੇ ਹੱਥਾਂ ਦੀਆਂ ਕਲਾਈਆਂ 'ਤੇ ਪਈਆਂ
ਲਾਠੀਆਂ ਦੀਆਂ ਤਸਵੀਰਾਂ
ਬਹੁਤ ਭਾਵੁਕ ਕਰ ਰਹੀਆਂ ਨੇ ਨਾ?
ਅਤੇ ਤੁਹਾਡੀਆਂ ਅੱਖਾਂ 'ਚ ਗੰਗਾ-ਜਮਨਾ?
ਨਹੀਂ ਪਾਪਾ ਨਹੀਂ
ਇਸ ਗੰਗਾ ਨੂੰ ਹੁਣ ਨਾ ਵਹਿਣ ਦਿਓ।
ਮਾਣ ਕਰੋ
ਆਪਣੀ ਦੁਬਲੀ, ਪਤਲੀ
ਵੱਡੇ ਵੱਡੇ ਸ਼ੀਸ਼ਿਆਂ ਵਾਲੀ ਐਨਕ ਵਾਲੀ ਗੁੱਡੀ 'ਤੇ
ਸੰਘਰਸ਼ ਦੇ ਮੈਦਾਨ 'ਚ
ਅਡੋਲ ਖੜ੍ਹੀ ਆਂ ਮੈਂ।
ਅਕੇਲੀ ਥੋੜ੍ਹੀ ਆਂ, ਦੇਖੋ
ਚਾਰੇ ਪਾਸੇ ਕਿੰਨੀਆਂ ਬੇਟੀਆਂ
ਦਾ ਲਹੂ ਵਹਿ ਰਿਹਾ ਹੈ।
ਸਾਡੇ ਭਰਾਵਾਂ-ਮਿੱਤਰਾਂ 'ਤੇ ਕੀਤੀ
ਸੱਤਾ ਦੀ ਬੇਰਹਿਮੀ ਦੀਆਂ ਤਸਵੀਰਾਂ
ਦੇਖੀਆਂ ਨੇ ਤੁਸੀਂ?
ਪਾਪਾ ਤੁਸੀਂ ਤਾਂ ਕਹਿੰਦੇ ਸੀ।
ਕਸ਼ਮੀਰੀ ਅੱਤਵਾਦੀ ਨੇ
ਉਹ ਪਾਕਿਸਤਾਨੀ ਨੇ
ਉਹ ਆਦਿਵਾਸੀ ਨੇ
ਉਹ ਕਮਿਊਨਿਸਟ ਨੇ,
ਮੁਸਲਿਮ ਤੇ ਕਿਸਾਨ
ਸਭ ਰਾਸ਼ਟਰਵਿਰੋਧੀ ਨੇ
ਉਹ ਅੰਦੋਲਨਜੀਵੀ ਨੇ
ਉਨ੍ਹਾਂ 'ਤੇ ਡੰਡਾ ਚਲਾਉਣਾ ਸਰਕਾਰ ਦੀ ਮਜ਼ਬੂਰੀ ਹੈ।
ਪੈਲਟਗੰਨ ਨਾਲ ਹੀ
ਉਨ੍ਹਾਂ ਨੂੰ ਕੁਚਲਿਆ ਜਾ ਸਕਦਾ ਹੈ।
ਅਸੀਂ ਕੌਣ ਆਂ ਪਾਪਾ?
ਪਾਪਾ ਬਹੁਤ ਖੁਸ਼ ਸੀ ਨਾ ਤੁਸੀਂ
ਕਿ ਸਾਡਾ ਹੁਣ ਰਾਜ ਹੋ ਗਿਆ ਹੈ
ਕਿ ਹੁਣ ਸਨਾਤਨੀ ਕਦਰਾਂ-ਕੀਮਤਾਂ ਨੂੰ
ਸਥਾਪਿਤ ਕਰਨਾ ਹੈ,
ਰਾਮ ਰਾਜ ਨੂੰ
ਵਿਸ਼ਾਲ ਕਰਨਾ ਹੈ,
ਲਾਲ ਕਿਲੇ 'ਤੇ ਭਗਵਾਂ ਲਹਿਰਾਉਣਾ
ਜੀਵਨ ਦਾ ਟੀਚਾ ਹੈ ਨਾ ਤੁਹਾਡਾ?
ਜਦੋਂ ਕੋਈ ਸਾਡੇ ਨੇਤਾ ਦੀ
ਛਾਤੀ ਦੀ ਗੱਲ ਕਰਦਾ ਸੀ
ਕਿੰਨੇ ਤਿਲਮਿਲਾਉਂਦੇ ਸੀ ਤੁਸੀਂ।
ਅਤੇ ਅਸੀਂ ਵੀ।
ਪਰ ਪਾਪਾ ਵਕਤ ਬਹੁਤ ਮਹਾਨ ਹੈ
ਜੋ ਤਿੰਨ ਦਹਾਕਿਆਂ ਤੋਂ
ਤੁਸੀਂ ਸਾਨੂੰ ਸਿਖਾਇਆ ਸੀ।
ਮਹਿਜ਼ ਕੁੱਝ ਦਿਨਾਂ ਨੇ
ਜੰਤਰ-ਮੰਤਰ ਦੇ ਮੈਦਾਨ ਨੇ
ਸਿਖਾ ਦਿੱਤਾ ਹੈ ਸਾਨੂੰ
ਕਿ ਉਹ ਸਭ ਧੋਖਾ ਸੀ।
ਕੌਣ ਹੈ ਅੱਤਵਾਦੀ
ਦੁਨੀਆਂ ਦੇਖ ਰਹੀ ਹੈ।

❋ ❋ ❋ ❋ ❋

ਜੁਲਾਈ – ਸਤੰਬਰ 2026 ਦੌਰਾਨ

ਸੈਣੀ ਭਵਨ ਦੀਆਂ ਸਰਗਰਮੀਆਂ

ਰਾਜਿੰਦਰ ਸੈਣੀ
ਰੂਪਨਗਰ



ਮੈਗਜ਼ੀਨ ਦਾ ਲੋਕਅਰਪਣ– ਸੈਣੀ ਭਵਨ ਵਿਖੇ 4 ਜੁਲਾਈ ਨੂੰ ਇੱਕ ਪ੍ਰਭਾਵਸ਼ਾਲੀ ਸਮਾਗਮ ਵਿੱਚ ਤਿਮਾਹੀ ਸੈਣੀ ਸੰਸਾਰ ਮੈਗਜ਼ੀਨ ਦਾ 61ਵਾਂ ਅੰਕ ਮੁਹਾਲੀ ਦੇ ਪ੍ਰਸਿੱਧ ਸਮਾਜ ਸੇਵੀ ਸ. ਨਿਰਮੈਲ ਸਿੰਘ ਵਲੋਂ ਲੋਕਅਰਪਣ ਕੀਤਾ ਗਿਆ। ਇਸ ਮੈਗਜ਼ੀਨ ਵਿੱਚ ਸਾਹਿਤਿਕ ਰਚਨਾਵਾਂ ਤੋਂ ਇਲਾਵਾ ਇਤਿਹਾਸ ਨਾਲ ਸਾਂਝ ਪਾਉਂਦੇ ਲੇਖ ਛਾਪੇ ਜਾਂਦੇ ਹਨ। ਇਨ੍ਹਾਂ ਤੋਂ ਇਲਾਵਾ ਹੋਰ ਗਿਆਨਵਧਾਊ ਰਚਨਾਵਾਂ ਵੀ ਪਾਠਕਾਂ ਦੀ ਨਜ਼ਰ ਕੀਤੀਆਂ ਜਾਂਦੀਆਂ ਹਨ। ਇਹ ਮੈਗਜ਼ੀਨ ਗੈਰਰਾਜਨੀਤਿਕ ਵਿਚਾਰਧਾਰਾ ਵਾਲਾ ਹੈ ਜਿਸ ਵਿੱਸ ਸਮਾਜਿਕ ਸਰੋਕਾਰਾਂ ਨੂੰ ਤਰਜ਼ੀਹ ਦਿੱਤੀ ਜਾਂਦੀ ਹੈ। ਮੁੱਖ ਮਹਿਮਾਨ ਜੀ ਨੇ ਇਸ ਸਮੇਂ ਸੰਬੋਧਨ ਕਰਦਿਆਂ ਕਿਹਾ ਕਿ ਸੈਣੀ ਭਵਨ ਵਲੋਂ ਪ੍ਰਕਾਸ਼ਿਤ ਇਹ ਰਸਾਲਾ ਲਗਾਤਾਰ ਮਾਂਬੋਲੀ ਪੰਜਾਬੀ ਦੀ ਸੇਵਾ ਕਰਦਾ ਆ ਰਿਹਾ ਹੈ ਜਿਸ ਲਈ ਪ੍ਰਬੰਧਕ ਕਮੇਟੀ ਵਧਾਈ ਦੀ ਪਾਤਰ ਹੈ। ਸੈਣੀ ਭਵਨ ਦੇ ਪ੍ਰਧਾਨ ਰਾਜਿੰਦਰ ਸਿੰਘ ਨਨੂੰਆਂ ਨੇ ਦੱਸਿਆ ਕਿ ਇਸ ਰਸਾਲੇ ਨੂੰ ਸੰਸਥਾ ਦੇ ਚੇਅਰਮੈਨ ਡਾ.ਅਜਮੇਰ ਸਿੰਘ ਅਤੇ ਉੱਪ-ਪ੍ਰਧਾਨ ਡਾ. ਜਸਵੰਤ ਕੌਰ ਜਿਨ੍ਹਾਂ ਨੂੰ ਸਿੱਖਿਆ ਦੇ ਖੇਤਰ ਬਹੁਤ ਮੁਹਾਰਤ ਤੇ ਤਜ਼ੁਰਬਾ ਹੈ, ਇਸ ਨੂੰ ਮਿਹਨਤ ਤੇ ਲਗਨ ਨਾਲ ਤਿਆਰ ਕਰਦੇ ਹਨ। ਇਸ ਸਮੇਂ ਸੈਣੀ ਭਵਨ ਦੇ ਸਮੂਹ ਟਰੱਸਟੀਆਂ ਅਤੇ ਕਮੇਟੀ ਮੈਂਬਰਾਂ ਤੋਂ ਇਲਾਵਾ ਸ਼੍ਰੀ ਰਾਮ ਕੁਮਾਰ ਮੁਕਾਰੀ ਚੇਅਰਮੈਨ ਸੈਣੀ ਭਲਾਈ ਬੋਰਡ, ਨਗਰ ਕੌਂਸਲ ਦੇ ਮੀਤ ਪ੍ਰਧਾਨ ਸ਼੍ਰੀਮਤੀ ਸੁਰਜੀਤ ਕੌਰ, ਮਨਜੀਤ ਸਿੰਘ ਤੰਬੜ, ਐਮ.ਸੀ.ਸੁਖਵਿੰਦਰ ਸਿੰਘ ਪਟਵਾਰੀ, ਅਮ੍ਰਿਤਪਾਲ ਸਿੰਘ ਐਮ.ਸੀ,ਅਵਤਾਰ ਸਿੰਘ ਐਮ.ਸੀ., ਸ.ਲਖਵਿੰਦਰ ਸਿੰਘ ਭੂਰਾ ਸਾਬਕਾ ਸਰਪੰਚ ਬੇਲਾ, ਉੱਘੇ ਗਜ਼ਲਗੋ ਸ. ਬਲਬੀਰ ਸਿੰਘ ਨੰਗਲ, ਸ. ਸ਼ਮਿੰਦਰ ਸਿੰਘ ਭੱਕੂਮਾਜਰਾ, ਸ. ਸੰਤੋਖ ਸਿੰਘ ਜ਼ਿਲ੍ਹਾ ਚੇਅਰਮੈਨ ਸੈਣੀ ਭਲਾਈ ਬੋਰਡ ਨਵਾਂਸ਼ਹਿਰ, ਮਾ.ਮਨਜੀਤ ਸਿੰਘ, ਦਵਿੰਦਰ ਸਿੰਘ ਮਾਡਲ ਟਾਊਨ ਅਤੇ ਸ਼ਹਿਰ ਦੀਆਂ ਬਹੁਤ ਸਾਰੀਆਂ ਸਖ਼ਸ਼ੀਅਤਾਂ ਹਾਜ਼ਰ ਸਨ।

ਮਾਂਬੋਲੀ ਪੰਜਾਬੀ ਦੀ ਤਰੱਕੀ ਲਈ ਸੈਮੀਨਾਰ– ਰੂਪਨਗਰ ਦੀ ਪ੍ਰਸਿੱਧ ਸਮਾਜਸੇਵੀ ਸੰਸਥਾ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਵਲੋਂ 4 ਜੁਲਾਈ ਨੂੰ ਸੈਣੀ ਭਵਨ ਵਿਖੇ ਪੰਜਾਬੀ ਮਾਂਬੋਲੀ 'ਤੇ ਅਧਾਰਿਤ ਪਲੇਠਾ ਸੈਮੀਨਾਰ ਕਰਵਾਇਆ ਗਿਆ। ਇਸ ਸਮਾਗਮ ਵਿੱਚ ਪੰਜਾਬੀ ਜਿਤੈਸ਼ੀਆਂ ਨੇ ਭਰਵੀਂ ਸ਼ਮੂਲੀਅਤ ਕੀਤੀ। ਸੈਮੀਨਾਰ ਦੇ ਆਰੰਭ ਵਿੱਚ ਸੈਣੀ ਭਵਨ ਦੇ ਜਨਰਲ ਸਕੱਤਰ ਸ. ਬਲਬੀਰ ਸਿੰਘ ਸੈਣੀ ਨੇ ਬੁਲਾਰਿਆਂ ਅਤੇ ਸਰੋਤਿਆਂ ਨੂੰ 'ਜੀ ਅਇਆ' ਕਿਹਾ ਗਿਆ ਅਤੇ ਸੰਸਥਾ ਦੇ ਚੇਅਰਮੈਨ ਡਾ.ਅਜਮੇਰ ਸਿੰਘ ਨੇ ਇਸ ਸੈਮੀਨਾਰ ਦੀ ਮਹੱਤਤਾ 'ਤੇ ਚਾਨਣਾ ਪਾਇਆ। ਸੈਣੀ ਭਵਨ ਦੇ ਪ੍ਰਧਾਨ ਸ. ਰਾਜਿੰਦਰ ਸਿੰਘ ਨਨੂੰਆਂ ਨੇ ਇਸ ਸੈਮੀਨਾਰ ਦੀ ਰੂਪਰੇਖਾ ਬਿਆਨ ਕੀਤੀ ਅਤੇ ਇਸ ਦਾ ਮੰਚ ਸੰਚਾਲਨ ਕੀਤਾ। ਆਲ ਇੰਡੀਆ ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ ਦੇ ਜਨਰਲ ਸਕੱਤਰ ਅਤੇ ਰਿਟਾਇਰਡ ਪ੍ਰੋਫੈਸਰ ਡਾ. ਸੁਖਦੇਵ ਸਿੰਘ ਸਿਰਸਾ, ਪੰਜਾਬ ਯੂਨੀਵਰਸਿਟੀ ਨੇ ਆਪਣੇ ਭਾਸ਼ਣ ਵਿੱਚ ਇਤਿਹਾਸਕ ਹਵਾਲਿਆਂ ਅਤੇ ਤੱਥਾਂ ਸਹਿਤ ਦੱਸਿਆ ਕਿ ਪੰਜਾਬੀ ਭਾਸ਼ਾ ਨੂੰ ਪਹਿਲਾਂ ਮੁਗਲਾਂ ਵਲੋਂ ਅਤੇ ਫਿਰ ਅੰਗਰੇਜ਼ਾਂ ਵਲੋਂ ਬਣਦਾ ਰੁਤਬਾ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬੀ ਇੱਕ ਪੁਰਾਣੀ, ਪੂਰਨ ਅਤੇ ਅਮੀਰ ਭਾਸ਼ਾ ਹੈ। ਭਾਸ਼ਾ ਕੇਵਲ ਵਿਚਾਰਾਂ ਦੇ ਆਦਾਨ-ਪ੍ਰਧਾਨ ਦਾ ਸਾਧਨ ਨਹੀਂ ਹੁੰਦੀ ਬਲਕਿ ਸੱਭਿਆਚਾਰ ਦੀਆਂ ਕਦਰਾਂ ਕੀਮਤਾਂ ਨੂੰ ਸੰਭਾਲ ਕੇ ਅੱਗੇ ਤੋਰਨ ਦਾ ਸਾਧਨ ਹੁੰਦੀ ਹੈ। ਇਸ ਲਈ ਆਪਣੇ ਵਿਰਸੇ ਨੂੰ ਬਚਾਈ ਰੱਖਣ ਲਈ ਪੰਜਾਬੀਆਂ ਨੂੰ ਜਾਗਰੂਕ ਹੋਣਾ ਪਏਗਾ। ਕਾਰਪੋਰੇਟ ਘਰਾਣੇ ਆਪਣੇ ਵਿਤੀ ਹਿਤਾਂ ਲਈ ਵੱਖ ਵੱਖ ਭਾਸ਼ਾਵਾਂ ਦੀ ਬਜਾਏ ਕੇਵਲ ਇੱਕ ਭਾਸ਼ਾ ਨੂੰ ਲਾਗੂ ਕਰਨਾ ਚਾਹੁੰਦੇ ਹਨ। ਸੈਮੀਨਾਰ ਨੂੰ ਪੁਆਧ ਇਲਾਕੇ ਦੇ ਪ੍ਰਸਿੱਧ ਖੋਜੀ ਲੇਖਕ ਸ਼ਮਿੰਦਰ ਸਿੰਘ ਭੱਕੂਮਾਜਰਾ, ਉੱਘੇ ਲੇਖਕ ਪਿੰਸੀਪਲ (ਰਿਟਾ) ਬਹਾਦਰ ਸਿੰਘ ਗੋਸਲ, ਰੋਪੜ ਦੀ ਲਿਖਾਰੀ ਸਭਾ ਦੇ ਪ੍ਰਧਾਨ ਐਡਵੋਕੇਟ ਸੁਰੇਸ਼ ਭਿਉਰਾ, ਸੈਣੀ ਭਵਨ ਦੇ ਟਰੱਸਟੀ ਅਤੇ ਅੰਤਰਰਾਸ਼ਟਰੀ ਬੁਲਾਰੇ ਸ. ਦਵਿੰਦਰ ਸਿੰਘ ਜਟਾਣਾ, ਸ਼੍ਰੀ ਤੇਜਿੰਦਰ ਚੋਪੜਾ, ਲੇਖਕਾ ਯਤਿੰਦਰ ਕੌਰ ਮਾਹਲ ਅਤੇ ਹੋਰ ਕਈ ਵਿਦਵਾਨਾਂ ਨੇ ਸੰਬੋਧਨ ਕੀਤਾ ਅਤੇ ਪੰਜਾਬੀ ਦੀ ਮਹਾਨਤਾ ਤੇ ਬਣਦੇ ਹੱਕ 'ਤੇ ਚਾਨਣਾ ਪਾਇਆ। ਇਸ ਸਮੇਂ ਸੈਣੀ ਭਵਨ ਦੇ ਪ੍ਰਬੰਧਕਾਂ ਸਮੇਤ, ਸਾਹਿਤ ਸਭਾ ਰੋਪੜ ਦੇ ਮੈਂਬਰ, ਸੀਨੀਅਰ ਸਿਟੀਜ਼ਨ ਕੌਂਸਲ ਦੇ ਮੈਂਬਰ ਅਤੇ ਸ਼ਹਿਰ ਦੇ 50 ਦੇ ਕਰੀਬ ਸੁਚੇਤ ਸਰੋਤੇ ਮੌਜੂਦ ਸਨ।

ਖੂਨਦਾਨ ਕੈਂਪ ਦਾ ਆਯੋਜਨ– ਸੈਣੀ ਭਵਨ ਵਿਖੇ 26ਵਾਂ ਖੂਨਦਾਨ ਕੈਂਪ 4 ਜੁਲਾਈ ਨੂੰ ਆਯੋਜਿਤ ਕੀਤਾ ਗਿਆ। ਸੈਣੀ ਭਵਨ ਦੇ ਪ੍ਰਬੰਧਕ ਹਰ ਛੇ ਮਹੀਨੇ ਬਾਅਦ ਖੂਨਦਾਨ ਕੈਂਪ ਲਗਾਉਂਦੇ ਹਨ। ਇਹ ਕੈਂਪ ਰੋਟਰੀ ਐਂਡ ਬਲੱਡ ਡੋਨੇਸ਼ਨ ਸੁਸਾਇਟੀ ਸੈਕਟਰ 37 ਡੀ ਚੰਡੀਗੜ੍ਹ ਵਲੋਂ ਡਾ.ਮੁਨੀਸ਼ ਦੀ ਅਗਵਾਈ ਵਿੱਚ ਆਈ ਡਾਕਟਰੀ ਟੀਮ ਵਲੋਂ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਮੋਹਾਲੀ ਦੇ ਸਮਾਜਸੇਵੀ ਸ. ਨਿਰਮੋਲਕ ਸਿੰਘ ਨੇ ਕੀਤਾ। ਇਸ ਖੂਨਦਾਨ ਕੈਂਪ ਲਈ ਖੂਨਦਾਨੀਆਂ ਵਿੱਚ ਬਹੁਤ ਉਤਸ਼ਾਹ ਸੀ ਜਿਸ ਕਾਰਨ 58 ਯੂਨਿਟ ਖੂਨ ਇਕੱਤਰ ਕੀਤਾ ਗਿਆ। ਇਨ੍ਹਾਂ ਖੂਨਦਾਨ ਕੈਂਪ ਵਿੱਚ ਸ.ਰਣਜੀਤ ਸਿੰਘ ਨੇ 76ਵੀਂ ਵਾਰ,

ਸਤਬੀਰ ਸਿੰਘ ਨੇ 68ਵੀਂ ਵਾਰ, ਸੈਣੀ ਭਵਨ ਦੇ ਟਰੱਸਟੀ ਸ. ਜਗਦੇਵ ਸਿੰਘ ਨੇ 45ਵੀਂ ਵਾਰ, ਮੇਜਰ ਸਿੰਘ ਨੇ 39ਵੀਂ ਵਾਰ, ਕਰਨ ਨੇ 35ਵੀਂ ਵਾਰ, ਅਮਿਤ ਸੈਣੀ ਨੇ 30ਵੀਂ ਵਾਰ, ਕਮਲਜੀਤ ਸਿੰਘ ਨੇ 27ਵੀਂ ਵਾਰ, ਨਰੇਸ਼ ਕੁਮਾਰ ਨੇ 25ਵੀਂ ਵਾਰ, ਗੁਰਮੀਤ ਸਿੰਘ ਨੇ 21ਵੀਂ ਵਾਰ, ਰਣਜੀਤ ਨੇ 20ਵੀਂ ਵਾਰ, ਅਭਿਸ਼ੇਕ ਨੇ 17ਵੀਂ ਵਾਰ, ਸੁਖਵਿੰਦਰ ਸਿੰਘ ਨੇ 16ਵੀਂ ਵਾਰ, ਅਮਰਜੀਤ ਸਿੰਘ ਨੇ 15ਵੀਂ ਵਾਰ ਅਤੇ ਰਾਜਿੰਦਰ ਕੌਰ ਨੇ ਵੀ ਖੂਨ ਦਾਨ ਕੀਤਾ। ਇਸ ਕੈਂਪ ਨੂੰ ਸਫ਼ਲ ਕਰਨ ਲਈ ਸੈਣੀ ਭਵਨ ਦੇ ਉੱਪ-ਚੇਅਰਮੈਨ ਸ.ਗੁਰਮੁਖ ਸਿੰਘ ਸੈਣੀ, ਸਾਬਕਾ ਐਸ.ਈ ਸ. ਹਰਜੀਤ ਸਿੰਘ ਸੈਣੀ, ਰਾਜਿੰਦਰ ਸੈਣੀ ਅਤੇ ਸ਼੍ਰੀ ਜਗਦੇਵ ਸਿੰਘ ਨੇ ਵਿਸ਼ੇਸ਼ ਯੋਗਦਾਨ ਪਾਇਆ। ਇਹ ਕੈਂਪ ਰੋਪੜ ਸ਼ਹਿਰ ਦੀਆਂ ਪ੍ਰਮੁੱਖ ਸਮਾਜਸੇਵੀ ਸੰਸਥਾਵਾਂ-ਰੋਟਰੀ ਕਲੱਬ, ਇੰਨਰਵੀਲ੍ਹ ਕਲੱਬ, ਲਾਈਫ਼ ਲਾਈਨ ਕਲੱਬ, ਰਜਨੀ ਹਰਬਲਜ਼ ਮਲਿਕਪੁਰ, ਗੁਰੂ ਨਾਨਕ ਕਰਿਆਨਾ ਸਟੋਰ ਪਪਰਾਲਾ, ਹੀਰਾ ਕਰਿਆਨਾ ਸਟੋਰ ਰੋਪੜ ਅਤੇ ਜ਼ਿਲ੍ਹਾ ਪੁਲਿਸ ਸਾਂਝ ਕੇਂਦਰ ਦੇ ਵਿਤੀ ਸਹਿਯੋਗ ਨਾਲ ਨੇਪਰੇ ਚੜ੍ਹਿਆ। ਇਨ੍ਹਾਂ ਸਾਰੀਆਂ ਸੰਸਥਾਵਾਂ ਦੇ ਮੁਖੀਆਂ ਨੂੰ ਸਮਾਗਮ ਸਮੇਂ ਸਨਮਾਨਿਤ ਕੀਤਾ ਗਿਆ। ਇਸ ਸਮੇਂ ਸੈਣੀ ਭਵਨ ਰੋਪੜ ਦੇ ਸਮੂਹ ਮੈਂਬਰ ਅਤੇ ਸ਼ਹਿਰ ਦੇ ਪ੍ਰਮੁਖ ਵਿਅਕਤੀ ਹਾਜ਼ਰ ਸਨ।

ਸਨਮਾਨ ਸਮਾਰੋਹ- ਸੈਣੀ ਭਵਨ ਵਿਖੇ 4 ਜੁਲਾਈ ਨੂੰ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਵਿੱਚ ਸੈਣੀ ਬਰਾਦਰੀ ਦੇ ਨਵੇਂ ਚੁਣੇ ਗਏ ਮਿਉਂਸਪਲ ਕੌਂਸਲਰਾਂ ਨੂੰ ਸਨਮਾਨਿਤ ਕੀਤਾ ਗਿਆ। ਇਨ੍ਹਾਂ ਵਿੱਚ ਰੋਪੜ ਸ਼ਹਿਰ ਦੇ ਵਾ. ਨੰ. 3 ਤੋਂ ਸ. ਅੰਮ੍ਰਿਤਪਾਲ ਸਿੰਘ, ਵਾ. ਨੰ.4 ਤੋਂ ਸ. ਗੁਰਵਿੰਦਰ ਸਿੰਘ, ਵਾ.ਨੰ 16 ਤੋਂ ਸ਼੍ਰੀਮਤੀ ਸੁਰਜੀਤ ਕੌਰ ਉੱਪ ਪ੍ਰਧਾਨ, ਵਾ.ਨੰ 15 ਤੋਂ ਸ.ਸੁਖਵਿੰਦਰ ਸਿੰਘ ਪਟਵਾਰੀ ਅਤੇ ਹਵੇਲੀ ਕਲਾਂ ਤੋਂ ਸ.ਅਵਤਾਰ ਸਿੰਘ, ਨਵਾਂਸ਼ਹਿਰ ਦੇ ਵਾ.ਨੰ. 8 ਤੋਂ ਸ਼੍ਰੀਮਤੀ ਰੀਤੂ ਬਡਵਾਲ ਅਤੇ ਮੋਹਾਲੀ ਦੇ ਵਾ.ਨੰ. 22 ਤੋਂ ਸ੍ਰੀ ਹਰਵਿੰਦਰ ਸਿੰਘ ਸ਼ਾਮਿਲ ਸਨ। ਇਨ੍ਹਾਂ ਤੋਂ ਇਲਾਵਾ ਜ਼ਿਲ੍ਹਾ ਨਵਾਂਸ਼ਹਿਰ ਦੇ ਸੈਣੀ ਭਲਾਈ ਬੋਰਡ ਦੇ ਚੇਅਰਮੈਨ ਸ.ਸੰਤੋਖ ਸਿੰਘ ਅਤੇ ਰਾਸ਼ਟਰੀ ਪੱਧਰ ਦੀ ਗਤਕਾ ਖਿਡਾਰਨ ਵਿਦਿਆਰਥਣ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਸ਼੍ਰੀ ਰਾਮ ਕੁਮਾਰ ਮੁਕਾਰੀ ਚੇਅਰਮੈਨ ਪੰਜਾਬ ਸੈਣੀ ਭਲਾਈ ਬੋਰਡ ਦੇ ਚੇਅਰਮੈਨ ਸਨ।

ਤੀਆਂ ਦਾ ਤਿਉਹਾਰ ਮਨਾਇਆ-ਸੈਣੀ ਭਵਨ ਰੂਪਨਗਰ ਵਿਖੇ ਚੱਲ ਰਹੇ ਵੱਖ-ਵੱਖ ਸਿਖਲਾਈ ਕੇਂਦਰਾਂ ਦੀਆਂ ਸਿਖਿਆਰਥਣਾ ਵਲੋਂ 7 ਜੁਲਾਈ ਨੂੰ ਆਪਸ ਵਿੱਚ ਮਿਲ ਕੇ ਤੀਜ ਦਾ ਤਿਉਹਾਰ ਮਨਾਇਆ ਗਿਆ, ਜਿਸ ਵਿੱਚ ਉਨ੍ਹਾਂ ਨੇ ਲੋਕ ਗੀਤਾਂ 'ਤੇ ਗਾ ਨੱਚ ਕੇ ਮਨੋਰੰਜਨ ਕੀਤਾ। ਇਸ ਤਿਆਰੀ ਵਿੱਚ ਉਨ੍ਹਾਂ ਦੀਆਂ ਅਧਿਆਪਕਾਵਾਂ ਸ਼੍ਰੀਮਤੀ ਕਿਰਨ ਜੋਸ਼ੀ, ਅਮਨਪ੍ਰੀਤ ਕੌਰ, ਸੁਖਵਿੰਦਰ ਕੌਰ ਅਤੇ ਮਨਦੀਪ ਕੌਰ ਵਲੋਂ ਵਿਸ਼ੇਸ਼ ਯੋਗਦਾਨ ਪਾਇਆ ਗਿਆ।



ਇਸ ਸਮਾਗਮ ਵਿੱਚ ਹਰਪ੍ਰੀਤ ਕੌਰ, ਕੁਲਜੀਤ ਕੌਰ, ਵਿਪਨਪ੍ਰੀਤ ਕੌਰ, ਖੁਸ਼ਪ੍ਰੀਤ ਕੌਰ, ਨੰਦਿਨੀ, ਰਮਨਜੋਤ, ਕਸ਼ਿਸ਼ ਅਤੇ ਸਿਮਰਨ ਕੌਰ ਵਲੋਂ ਆਪਣੀਆਂ ਸਾਥਣਾ ਸਮੇਤ ਪ੍ਰਭਾਵਸ਼ਾਲੀ ਢੰਗ ਨਾਲ ਮਸ਼ਹੂਰ ਪੰਜਾਬੀ ਗੀਤਾਂ ਨਾਲ ਆਪਣੇ ਫਨ ਦਾ ਮੁਜ਼ਾਹਰਾ ਕੀਤਾ ਗਿਆ। ਇਸ ਮੌਕੇ ਡਾ.ਜਸਵੰਤ ਕੌਰ, ਯਤਿੰਦਰ ਮਾਹਲ, ਭਗਵੰਤ ਕੌਰ, ਅਤੇ ਡਾ.ਅਜਮੇਰ ਸਿੰਘ ਵਲੋਂ ਤੀਆਂ ਦੇ ਤਿਉਹਾਰ ਦੀ ਮਹੱਤਤਾ 'ਤੇ ਚਾਨਣਾ ਪਾਇਆ। ਸੈਣੀ ਭਵਨ ਦੇ ਪ੍ਰਧਾਨ ਸ. ਰਾਜਿੰਦਰ ਸਿੰਘ ਨਨੂੰਆ ਨੇ ਹਾਜ਼ਰ ਸਾਰੇ ਸਰੋਤਿਆਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ। ਸ.ਅਮਰਜੀਤ ਸਿੰਘ ਨੇ ਸਟੇਜ ਸੰਚਾਲਨ ਕੀਤਾ। ਇਸ ਸਮਾਗਮ ਦੇ ਮੁੱਖ ਮਹਿਮਾਨ ਸ਼੍ਰੀਮਤੀ ਜਸਵੀਰ ਕੌਰ ਐਮ.ਸੀ ਸਨ ਜਿਨ੍ਹਾਂ ਨੂੰ ਪ੍ਰਬੰਧਕਾਂ ਨੇ ਮੋਮੈਂਟੋ ਨਾਲ ਸਨਮਾਨਿਤ ਕੀਤਾ। ਇਸ ਸਮੇਂ ਸੈਣੀਂ ਭਵਨ ਦੇ ਪ੍ਰਬੰਧਕਾਂ ਤੋਂ ਇਲਾਵਾ ਸ਼ਹਿਰ ਦੀਆਂ ਪ੍ਰਮੁਖ ਸਖਸ਼ੀਅਤਾਂ ਵੀ ਹਾਜ਼ਰ ਸਨ ਜਿਨ੍ਹਾਂ ਨੇ ਪ੍ਰੋਗਰਾਮ ਦੀ ਖੂਬ ਪ੍ਰਸ਼ੰਸਾ ਕੀਤੀ। ਅੰਤ ਵਿੱਚ ਸਭ ਨੂੰ ਰਿਫਰੈਸ਼ਮੈਂਟ ਨਾਲ ਨਿਵਾਜਿਆ ਗਿਆ।

ਸੈਣੀ ਬਰਾਦਰੀ ਦੀਆਂ ਮੰਗਾਂ ਪੂਰੀਆਂ ਕਰਵਾਉਣ ਲਈ ਉਪਰਾਲੇ-ਸੈਣੀ ਬਰਾਦਰੀ ਦੀਆਂ ਮੰਗਾਂ ਦੇ ਸਬੰਧ ਵਿਚ ਸੈਣੀ ਭਵਨ ਰੋਪੜ ਦੇ ਸ.ਰਾਜਿੰਦਰ ਸਿੰਘ ਨੰਨੂਆਂ, ਡਾ: ਅਜਮੇਰ ਸਿੰਘ, ਸ. ਰਾਮ ਸਿੰਘ, ਸ. ਗੁਰਮੁਖ ਸਿੰਘ ਅਤੇ ਸ, ਦਿਦਾਰ ਸਿੰਘ ਦੇ ਵਫਦ ਦੀ ਵਿਸ਼ੇਸ਼ ਭੇਂਟ 9 ਸਤੰਬਰ, 2026 ਨੂੰ ਮੁੱਖ ਮੰਤਰੀ ਹਰਿਆਣਾ ਸ਼੍ਰੀ ਨਾਇਬ ਸਿੰਘ ਸੈਣੀ ਨਾਲ ਉਨ੍ਹਾਂ ਦੇ ਚੰਡੀਗੜ੍ਹ ਨਿਵਾਸ ਵਿਖੇ ਬੜੇ ਹੀ ਖੁਸ਼ਗਵਾਰ ਮਾਹੌਲ ਵਿਚ ਹੋਈ। ਇਸ ਸਮੇਂ ਸੈਣੀ ਬਰਾਦਰੀ ਨਾਲ ਸਬੰਧਤ ਮਾਮਲਿਆਂ ਤੇ ਵਿਚਾਰਾਂ ਹੋਈਆਂ ਜਿਨ੍ਹ ਵਿਚ ਵਿਸੇਸ਼ ਤੌਰ ਤੇ ਕੁਰਕਸ਼ੇਤਰ ਵਿਚ ਹਰਿਆਣਾ ਸਰਕਾਰ ਵਲੋਂ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਯਾਦ ਵਿਚ ਉਸਾਰੇ ਜਾਣ ਵਾਲੇ ਅਜਾਇਬ ਘਰ ਵਿਚ ਗੁਰੂ ਤੇਗ ਬਹਾਦਰ ਜੀ ਦਾ ਸੀਸ ਲਿਆਉਣ ਵਾਲੇ ਅਮਰ ਸ਼ਹੀਦ ਭਾਈ ਜਮਾਲਾ ਸਿੰਘ ਨੰਨੂਆਂ ਜੀ ਦਾ ਨਾਮ ਵੀ ਦਰਸਾਉਣ ਬਾਰੇ ਗੱਲ ਹੋਈ। ਇਸ ਸਬੰਧ ਵਿਚ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਲੋਂ ਲਿਖਿਆ ਪੱਤਰ ਵੀ ਮੁੱਖ ਮੰਤਰੀ ਜੀ ਨੂੰ ਸੌਂਪਿਆ ਗਿਆ। ਇਸ ਤੋਂ ਇਲਾਵਾ ਇਹ ਮੰਗ ਕੀਤੀ ਗਈ ਕਿ ਪੰਜਾਬ ਅਤੇ ਹਰਿਆਣਾ ਵਿਚ ਓਬੀਸੀ ਦੀ ਕੇਂਦਰੀ ਅਤੇ

ਪ੍ਰਾਂਤਕ ਸੂਚੀ ਵਿਚ ਸੈਣੀ ਜਾਤੀ ਦੇ ਨਾਲ ਨਾਲ ਸੈਣੀ ਸਿੱਖ ਸ਼ਬਦ ਵੀ ਅੰਕਿਤ ਕਰਵਾਉਣ ਲਈ ਭਾਰਤ ਸਰਕਾਰ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲੇ ਨੂੰ ਸਰਕਾਰ ਦੁਆਰਾ ਪੱਤਰ ਲਿਖਿਆ ਜਾਵੇ ਤਾਂ ਕਿ ਸਿੱਖ ਧਰਮ ਨੂੰ ਮੰਨਣ ਵਾਲੇ ਸੈਣੀ ਬਰਾਦਰੀ ਦੇ ਨੌਜਵਾਨ ਸਿੱਖ ਨੂੰ ਸਿੱਖ ਰੈਜਮੈਂਟ ਵਿਚ ਭਰਤੀ ਹੋਣ ਵਿਚ ਆ ਰਹੀ ਮੁਸ਼ਕਲ ਦੂਰ ਹੋ ਸਕੇ ਅਤੇ ਉਹ ਰੁਜਗਾਰ ਪ੍ਰਾਪਤ ਕਰਨ ਦੇ ਯੋਗ ਹੋ ਸਕਣ। ਸ੍ਰੀ ਨਾਇਬ ਸਿੰਘ ਸੈਣੀ, ਮੁੱਖ ਮੰਤਰੀ ਹਰਿਆਣਾ ਵਲੋਂ ਇਨ੍ਹਾਂ ਦੋਨਾਂ ਮੰਗਾਂ 'ਤੇ ਜਲਦੀ ਕਾਰਵਾਈ ਕਰਨ ਦਾ ਵਿਸ਼ਵਾਸ਼ ਦੁਆਇਆ ਗਿਆ। ਉਨ੍ਹਾਂ ਵਲੋਂ ਵਫਦ ਨੂੰ ਅਮਰ ਸ਼ਹੀਦ ਬੀਬੀ ਸ਼ਰਨ ਕੌਰ ਜੀ ਦੀ ਯਾਦ ਵਿਚ ਪਿੰਡ ਰਾਏਪੁਰ (ਚਮਕੌਰ ਸਾਹਿਬ) ਵਿਖੇ ਬਣਨ ਵਾਲੇ ਗੇਟ ਲਈ 21.00 ਲੱਖ ਰੁਪਏ ਦੇ ਰਾਸ਼ੀ ਜਲਦੀ ਜਾਰੀ ਕਰਨ ਦਾ ਵਾਅਦਾ ਕੀਤਾ। ਇਸ ਮੌਕੇ ਤੇ ਸੈਣੀ ਭਵਨ ਦੇ ਵਫਦ ਵਲੋਂ ਮੁੱਖ ਮੰਤਰੀ ਹਰਿਆਣਾ ਨੂੰ ਭਾਈ ਸ਼ਮਿੰਦਰ ਸਿੰਘ ਲਿਖਤ ਕਿਤਾਬ ''ਪੰਥਕ ਪੁਆਧੀ ਹੀਰੇ'' ਅਤੇ ਰਾਜਿੰਦਰ ਸਿੰਘ ਨੰਨੂਆਂ ਲਿਖਤ ''ਅਮਰ ਸ਼ਹੀਦ ਭਾਈ ਜਮਾਲਾ ਸਿੰਘ ਨੰਨੂਆਂ ਦੀ ਜੀਵਨੀ''ਨਾਲ ਸਬੰਧਤ ਕਿਤਾਬਚਾ ਵੀ ਭੇਟ ਕੀਤਾ ਗਿਆ। ਇਸ ਤੋਂ ਪਹਿਲਾਂ 3 ਸਤੰਬਰ ਨੂੰ ਵੀ ਸ੍ਰੀ ਨਾਇਬ ਸਿੰਘ ਸੈਣੀ ਦੀ ਰਾਇਪੁਰ (ਚਮਕੌਰ ਸਾਹਿਬ) ਫੇਰੀ ਸਮੇਂ ਵੀ ਸੈਣੀ ਭਵਨ ਦੇ ਪ੍ਰਬੰਧਕਾਂ ਨੇ ਉਨ੍ਹਾਂ ਨਾਲ ਸੈਣੀ ਬਰਾਦਰੀ ਦੀਆਂ ਮੰਗਾਂ ਸਬੰਧੀ ਮੁਲਾਕਾਤ ਕੀਤੀ ਸੀ।

ਸੈਣੀ ਭਵਨ ਦੇ ਹਾਲ ਕਮਰੇ ਦਾ ਨਵੀਨੀਕਰਨ– ਪਿਛਲੇ ਕੁੱਝ ਸਮਾਗਮਾਂ ਸਮੇਂ ਮਹਿਸੂਸ ਕੀਤਾ ਗਿਆ ਸੀ ਕਿ ਸੈਣੀ ਭਵਨ ਦੇ ਹਾਲ ਵਿੱਚ ਸਪੀਕਰ ਦੀ ਆਵਾਜ਼ ਗੂੰਜਦੀ ਹੈ ਜਿਸ ਕਾਰਨ ਸਰੋਤਿਆਂ ਨੂੰ ਬੋਲਣ ਵਾਲੇ ਦੀ ਗੱਲ ਸਮਝਣ ਵਿੱਚ ਔਖ ਹੁੰਦੀ ਹੈ। ਇਸ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਆਵਾਜ਼ ਦੇ ਮਾਹਿਰਾਂ ਦੇ ਸੁਝਾ 'ਤੇ ਸਾਰੇ ਹਾਲ ਕਮਰੇ ਦੇ ਫਰਸ਼ 'ਤੇ ਮੈਟ ਵਿਛਾ ਦਿੱਤੀ ਗਈ ਹੈ ਅਤੇ ਸਾਰੇ ਦਰਵਾਜ਼ਿਆਂ ਤੇ ਖਿੜਕੀਆਂ 'ਤੇ ਪੜਦੇ ਲਗਾ ਦਿੱਤੇ ਗਏ ਹਨ। ਇਸ ਨਾਲ ਆਵਾਜ਼ ਗੂੰਜਣੀ ਬਹੁਤ ਘਟ ਗਈ ਹੈ। ਇਨ੍ਹਾਂ ਕਾਰਜਾਂ 'ਤੇ ਪੰਜਾਹ ਹਜ਼ਾਰ ਦੇ ਕਰੀਬ ਖਰਚਾ ਆਇਆ ਹੈ।

ਵਧਾਈ

- ਜ਼ਿਲ੍ਹਾ ਰੂਪਨਗਰ ਦੇ ਪਿੰਡ ਥਲੀ ਕਲਾਂ ਦੇ ਵਸਨੀਕ ਸੇਵਾਮੁਕਤ ਅਧਿਆਪਕ ਸ. ਈਸ਼ਰ ਸਿੰਘ ਨੇ ਕਹਾਣੀ-ਸੰਗ੍ਰਹਿ,' ਚੰਗਾ ਹੋਇਆ ਮਰ ਗਿਆ' ਲਿਖ ਕੇ ਪੰਜਾਬੀ ਸਾਹਿਤ ਨੂੰ ਅਮੀਰ ਬਣਾਇਆ ਹੈ। ਆਪ ਨੇ ਪਹਿਲਾਂ ਤਿੰਨ ਕਹਾਣੀ-ਸੰਗ੍ਰਹਿ-' ਪਾਪੀ ਲੱਡੂ ਖਰੀਦਦਾ', 'ਪ੍ਰਧਾਨੋ' ਅਤੇ 'ਹੁਣ ਬਣਿਆਂ ਬੱਚੂ ਡਾਕਟਰ' ਲਿਖ ਕੇ ਆਪਣੀ ਪ੍ਰਤਿਭਾ ਦਾ ਪ੍ਰਗਟਾਵਾ ਕੀਤਾ ਹੈ। ਆਪ ਪੰਜਾਬ ਦੇ ਸਿੱਖਿਆ ਵਿਭਾਗ, ਜ਼ਿਲ੍ਹਾ ਪ੍ਰਸ਼ਾਸਨ ਅਤੇ ਸਥਾਨਿਕ ਸੰਸਥਾਵਾਂ ਵਲੋਂ ਸਨਮਾਨਿਤ ਵਿਅਕਤੀ ਹਨ। ਆਪ ਸੈਣੀ ਭਵਨ ਰੂਪਨਗਰ ਦੇ ਸਰਗਰਮ ਸਹਿਯੋਗੀ ਹਨ।

ਬ੍ਰਹਿਮੰਡ ਦੀ ਵਿਸ਼ਾਲਤਾ

1.ਪ੍ਰਕਾਸ਼ ਇੱਕ ਸੈਕਿੰਡ ਵਿੱਚ ਧਰਤੀ ਦੇ 7.5 ਚੱਕਰ ਲਗਾ ਸਕਦਾ ਹੈ। ਪਰ ਉਸਨੂੰ ਧਰਤੀ ਦੇ ਸਭ ਤੋਂ ਨਜ਼ਦੀਕੀ ਤਾਰੇ (ਸੂਰਜ ਤੋਂ ਇਲਾਵਾ) ਤੱਕ ਪਹੁੰਚਣ ਲਈ 4 ਸਾਲ ਤੋਂ ਵੀ ਵੱਧ ਸਮਾਂ ਲਗਦਾ ਹੈ।

2. ਜੇ ਤੁਸੀਂ ਪ੍ਰਕਾਸ਼ ਦੀ ਗਤੀ (3 ਲੱਖ ਕਿਲੋਮੀਟਰ ਪ੍ਰਤਿ ਸੈਕਿੰਡ) ਨਾਲ ਸਫ਼ਰ ਕਰੋਂ ਤਾਂ–
ਚੰਦਰਮਾ ਤੱਕ ਪਹੁੰਚਣ ਲਈ 1.3 ਸੈਕਿੰਡ, ਸੂਰਜ ਤੱਕ ਜਾਣ ਲਈ 8.3 ਮਿੰਟ, ਸੂਰਜ ਮੰਡਲ ਤੋਂ ਬਾਹਰ ਜਾਣ ਲਈ 2000 ਸਾਲ ਅਤੇ ਬ੍ਰਹਿਮੰਡ ਦੀ ਸੀਮਾ ਤੱਕ ਪਹੁੰਚਣ ਲਈ 90 ਅਰਬ ਸਾਲ ਲੱਗਣਗੇ।

3. ਬ੍ਰਹਿਮੰਡ ਦਾ ਸਭ ਤੋਂ ਵਿਸ਼ਾਲ ਤਾਰਾ ਸਟੀਫਨਸਨ ਹੈ, ਜਿਸ ਵਿੱਚ ਸਾਡੇ ਸੂਰਜ ਵਰਗੇ 10 ਅਰਬ ਤਾਰੇ ਸਮਾ ਸਕਦੇ ਹਨ। ਇਸ ਦੇ ਸਾਹਮਣੇ ਸੂਰਜ ਇੱਕ ਰੇਤ ਦੇ ਕਣ ਜਿੰਨਾਂ ਹੈ। ਇਸ ਤਾਰੇ ਤੋਂ ਧਰਤੀ ਤੱਕ ਪ੍ਰਕਾਸ਼ ਦੇ ਆਉਣ ਲਈ 19570 ਸਾਲ ਲਗਦੇ ਹਨ।

4. ਵਿਗਿਆਨੀਆਂ ਦਾ ਅੰਦਾਜ਼ਾ ਹੈ ਕਿ ਧਰਤੀ ਦੀ ਕੋਰ ਵਿੱਚ ਐਨਾ ਸੋਨਾ ਹੈ ਕਿ ਇਸ ਨਾਲ ਪੂਰੀ ਧਰਾਤਲ ਨੂੰ ਕਰੀਬ 45-50 ਸੈਂਟੀਮੀਟਰ ਮੋਟੀ ਸੋਨੇ ਦੀ ਪਰਤ ਨਾਲ ਢਕਿਆ ਜਾ ਸਕਦਾ ਹੈ। ਜਦੋਂ ਧਰਤੀ ਅਜੇ ਬਣ ਹੀ ਰਹੀ ਸੀ ਤਾਂ ਇਸ ਦੀਆਂ ਭਾਰੀਆਂ ਧਾਤਾਂ ਗੁਰੂਤਾਕਰਸ਼ਣ ਕਾਰਨ ਇਸ ਦੇ ਕੇਂਦਰ ਵੱਲ ਚਲੇ ਗਈਆਂ ਅਤੇ ਹਲਕੇ ਪਦਾਰਥ ਉੱਪਰ ਆ ਗਏ। ਸੋਨਾ ਭਾਰੀ ਧਾਤ ਹੈ, ਜਿਸ ਦਾ ਪ੍ਰਮਾਣੂ ਭਾਰ 197 (ਪ੍ਰੋਟੋਨ+ਨਿਊਟਾਨ) ਹੈ। ਪਰ ਇਹ ਸੋਨਾ ਬਾਹਰ ਨਹੀਂ ਕੱਢਿਆ ਜਾ ਸਕਦਾ ਕਿਉਂਕਿ ਧਰਤੀ ਦੀ ਕੋਰ ਦੀ ਡੂੰਘਾਈ 2900-6400 ਕਿਲੋਮੀਟਰ ਅਤੇ ਤਾਪਮਾਨ 5000-6000 ਡਿਗਰੀ ਹੈ। ਧਰਤੀ ਦੀ ਧਰਾਤਲ 'ਤੇ ਜਮ੍ਹਾਂ ਸੋਨਾ ਬਾਅਦ ਵਿੱਚ ਟੁੱਟਣਵਾਲੇ ਤਾਰਿਆਂ ਰਾਹੀ ਬਾਹਰੋਂ ਅਤੇ ਜਵਾਲਾਮੁਖੀਆਂ ਰਾਹੀਂ ਕੋਰ ਵਿੱਚੋਂ ਆਇਆ ਹੈ।

❋ ❋ ❋ ❋ ❋

ਵਧਾਈ



ਸੈਣੀ ਭਵਨ ਰੂਪਨਗਰ ਦੇ ਉੱਪਚੇਅਰਮੈਨ ਅਤੇ ਸਾਬਕਾ ਐਮ.ਸੀ. ਸ.ਗੁਰਮੁਖ ਸਿੰਘ ਸੈਣੀ ਨੂੰ ਅਕਾਲੀ ਦਲ ਪਾਰਟੀ ਨੇ ਜਥੇਬੰਦਕ ਸਕੱਤਰ ਨਿਯੁਕਤ ਕੀਤਾ ਹੈ। ਇਹ ਪ੍ਰਾਪਤੀ ਉਨ੍ਹਾਂ ਦੀ ਪਾਰਟੀ ਪ੍ਰਤਿ ਵਫਾਦਾਰੀ ਅਤੇ ਨੇਕਨੀਯਤੀ ਦਾ ਨਤੀਜਾ ਹੈ। ਆਪ ਅਕਾਲੀ ਪਾਰਟੀ ਦੇ ਨਿਸ਼ਕਾਮ ਵਰਕਰ ਹਨ ਅਤੇ ਇਸ ਦੇ ਹਰ ਕਾਰਜ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦੇ ਹਨ। ਪਾਰਟੀ ਨੇ ਉਨ੍ਹਾਂ ਦੀ ਇਮਾਨਦਾਰੀ ਅਤੇ ਦਿਆਨਤਦਾਰੀ ਦਾ ਮੁੱਲ ਪਾਉਂਦਿਆਂ ਉਨ੍ਹਾਂ ਦੇ ਮੋਢਿਆਂ 'ਤੇ ਭਾਰ ਪਾਇਆ ਹੈ। ਇਹ ਬਹੁਤ ਮਾਣ ਵਾਲੀ ਗੱਲ ਹੈ। ਸੈਣੀ ਦੇ ਪਰਿਵਾਰ ਨੂੰ ਇਸ ਪ੍ਰਾਪਤੀ ਦੀਆਂ ਬਹੁਤ ਬਹੁਤ ਵਧਾਈਆਂ

ਜੀਵਨ ਜਾਚ



ਨਿਰੰਤਰ ਵਹਿੰਦੀ ਰਹੇ ਜੀਵਨ-ਧਾਰਾ

ਗੁਰਬਿੰਦਰ ਸਿੰਘ ਮਾਣਕ
ਖਰਲ ਕਲਾਂ

ਵਗਦੇ ਪਾਣੀਆਂ ਦੀ ਨਿਰਮਲ ਧਾਰਾ, ਦਿਲ ਨੂੰ ਮੋਹ ਲੈਣ ਵਾਲੀ ਅਪਾਰ ਸੁੰਦਰਤਾ ਤੇ ਰਵਾਨੀ, ਮਨਾਂ ਨੂੰ ਇਸ ਕਦਰ ਸਰਸ਼ਾਰ ਕਰਦੀ ਹੈ ਕਿ ਕੁਦਰਤ ਦੀ ਇਸ ਅਣਮੁੱਲੀ ਦੇਣ ਅੱਗੇ ਸਿਜਦਾ ਕਰਨ ਨੂੰ ਮਨ ਕਰਦਾ ਹੈ। ਝੀਲਾਂ, ਨਦੀਆਂ, ਮਹਾਂਸਾਗਰਾਂ ਵਿੱਚ ਉੱਠਦੀਆਂ ਪਾਣੀ ਦੀਆਂ ਲਹਿਰਾਂ ਇੱਕ ਅਦਭੁੱਤ ਸੁਰ-ਸੰਗੀਤ ਨਾਲ ਮਨ ਨੂੰ ਜਿਹੜਾ ਖੇੜਾ ਮਿਲਦਾ ਹੈ, ਉਸ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਧਰਤੀ ਉੱਤੇ ਵਸੇ ਪ੍ਰਾਣੀਆਂ, ਪਸ਼ੂਆਂ, ਪਰਿੰਦਿਆਂ, ਅਸੰਖਾਂ ਜੀਵ-ਜੰਤੂਆਂ, ਝੂਮਦੀਆਂ ਫ਼ਸਲਾਂ ਤੇ ਬਿਰਖ-ਬੂਟਿਆਂ ਵਿੱਚ, ਪਾਣੀ ਦੀ ਬਦੌਲਤ ਹੀ ਜ਼ਿੰਦਗੀ ਧੜਕਦੀ ਹੈ। ਪਾਣੀ ਦੀ ਬੂੰਦ ਵਿੱਚ ਛੁਪੀ ਹੋਈ ਜੀਵਨ ਦੀ ਨਿਰੰਤਰ ਚੱਲਦੀ ਤੋਰ। ਸਦੀਆਂ ਪਹਿਲਾਂ ਵੀ, ਇਸ ਧਰਤੀ ਦੇ ਬਸ਼ਿੰਦੇ, ਜ਼ਿੰਦਗੀ ਦੀ ਤੋਰ ਨੂੰ ਚੱਲਦਾ ਰੱਖਣ ਲਈ ਵਗਦੇ ਪਾਣੀਆਂ ਦੇ ਕੰਢਿਆਂ ਸੰਗ ਹੀ ਦੋਸਤੀਆਂ ਗੰਢਦੇ ਆਏ ਹਨ।

ਇਹ ਪਾਣੀ ਕੇਵਲ ਉਸ ਦੀ ਪਿਆਸ ਹੀ ਨਹੀਂ ਬੁਝਾਉਂਦੇ ਸਨ, ਸਗੋਂ ਇਨ੍ਹਾਂ ਦਾ ਨਿਰੰਤਰ ਪ੍ਰਵਾਹ ਮਨੁੱਖ ਨੂੰ ਅਗੇਰੇ ਤੇ ਹੋਰ ਅਗੇਰੇ ਵਧਣ ਲਈ ਵੀ ਪ੍ਰੇਰਿਤ ਕਰਦਾ ਸੀ। ਵਗਦਾ ਪਾਣੀ ਧਰਤੀ ਉੱਤੇ ਜੀਵਨ ਦੀ ਧਾਰਾ ਨੂੰ ਨਿਰੰਤਰ ਵਗਦੇ ਰੱਖਣ ਦਾ ਪ੍ਰਤੀਕ ਹੈ। ਜਿਨ੍ਹਾਂ ਨੇ ਫ਼ਸਲਾਂ ਨੂੰ ਸਿੰਜਦਿਆਂ, ਆੜ ਵਿੱਚ ਵਗਦਾ ਪਾਣੀ ਤੱਕਿਆ ਹੈ, ਉਹ ਜਾਣਦੇ ਹਨ ਕਿ ਕਿਵੇਂ ਇਹ ਜਲਧਾਰਾ ਫ਼ਸਲਾਂ ਲਈ ਜੀਵਨ-ਦਾਨ ਬਣਦੀ ਹੈ।

ਵਗਦੇ ਪਾਣੀ ਕੁਦਰਤ ਵਲੋਂ ਲਿਖੀ ਸੁਹਜਮਈ ਕਵਿਤਾ ਦੀ ਨਿਆਂਈਂ ਹਨ। ਜਿਵੇਂ ਖੜ੍ਹਾ ਪਾਣੀ ਬੁਸ ਜਾਂਦਾ ਹੈ ਤੇ ਬਦਬੂ ਮਾਰਨ ਲਗਦਾ ਹੈ, ਬਿਲਕੁਲ ਇਸੇ ਤਰ੍ਹਾਂ ਹੀ ਜੇ ਜ਼ਿੰਦਗੀ ਰੂਪੀ ਵਗਦੇ ਪਾਣੀਆਂ 'ਚ ਵੀ ਕੋਈ ਹਲਚਲ ਨਾ ਰਹੇ ਤਾਂ ਇਹ ਵੀ ਬੁਸੇ ਤੇ ਗੰਦਗੀ ਭਰੇ ਪਾਣੀਆਂ ਵਰਗੀ ਹੋ ਜਾਂਦੀ ਹੈ। ਕਿਸੇ ਸੁਫ਼ਨੇ, ਸਰਗਰਮੀ, ਉੱਦਮ, ਸ਼ੌਕ ਤੇ ਸਾਰਥਿਕ ਕਾਰਜ ਤੋਂ ਬਿਨਾਂ ਜੀਵੀ ਜਾ ਰਹੀ ਜ਼ਿੰਦਗੀ ਛੱਪੜ ਦੇ ਗੰਧਲੇ ਪਾਣੀਆਂ ਜਿਹੀ ਹੀ ਤਾਂ ਹੁੰਦੀ ਹੈ। ਮਨੁੱਖ ਇਸ ਧਰਤੀ 'ਤੇ ਕੇਵਲ ਖਾਣ-ਪੀਣ, ਸੌਣ, ਐਸ਼ਪ੍ਰਸਤੀ ਤੇ ਨਿਰਾਰਥਿਕ ਕੰਮਾਂ ਵਿੱਚ ਸਮਾਂ ਗੁਆਉਣ ਹੀ ਨਹੀਂ ਆਇਆ। ਆਪਣੇ ਮਨ ਦੀਆਂ ਅਮੋੜ ਇੱਛਾਵਾਂ ਤੇ ਖੁਸ਼ੀ ਬਾਰੇ ਹੀ ਸੋਚੀ ਜਾਣਾ ਤੇ ਉਨ੍ਹਾਂ ਨੂੰ ਹਰ ਹੀਲੇ ਪੂਰਾ ਕਰਨ ਦੀ ਲਾਲਸਾ ਵਿੱਚ ਭਟਕਦੇ ਰਹਿਣਾ ਹੀ ਜੀਵਨ ਨਹੀਂ ਹੈ। ਇਹ ਜ਼ਿੰਦਗੀ ਮਾਨਣਯੋਗ, ਅਰਥਭਰਪੂਰ ਤੇ ਸਾਰਥਿਕ ਤਾਂ ਹੀ ਬਣਦੀ ਹੈ ਜੇ ਮਨੁੱਖ ਆਪਣੀ ਸੂਝ ਤੇ ਆਪਣੇ ਅੰਦਰਲੇ ਹੁਨਰ ਦੀ ਥਾਹ ਪਾ ਕੇ ਕਿਸੇ ਸਰਗਰਮੀ ਦੇ ਰਾਹ ਤੁਰਿਆ ਰਹੇ।

ਸਮਾਜ ਵਿੱਚ ਕਈ ਤਰ੍ਹਾਂ ਦੇ ਲੋਕ ਹਨ। ਕੁੱਝ ਸਿਰਫ਼ ਆਪਣੇ ਲਈ ਹੀ ਜਿਉਂਦੇ ਹਨ, ਖਾਓ-ਪੀਓ ਐਸ਼ ਕਰੋ ਵਰਗੀਆਂ ਅਟਪਟੀਆਂ ਗੱਲਾਂ, ਸ਼ਾਇਦ ਅਜਿਹੇ ਲੋਕਾਂ ਦੀ ਜ਼ੁਬਾਨ ਵਿੱਚੋਂ ਹੀ ਨਿਕਲਦੀਆਂ ਹਨ। ਕੁੱਝ ਲੋਕ ਆਪਣੇ ਪਰਿਵਾਰ ਤੱਕ ਹੀ ਸੀਮਤ ਹਨ। ਆਲੇ-ਦੁਆਲੇ ਜੋ ਮਰਜ਼ੀ ਵਾਪਰਦਾ ਰਹੇ, ਉਹ 'ਸਾਨੂੰ ਕੀ' ਦੀ ਮੁਹਾਰਨੀ ਰਟਦੇ ਰਹਿੰਦੇ ਹਨ। ਭਾਵ ਉਹ ਆਪਣਾ ਹੀ ਉੱਲੂ ਸਿੱਧਾ ਰੱਖਣ ਦੀ ਮਾਨਸਿਕਤਾ ਨਾਲ ਵਿਚਰਦੇ ਹਨ। ਅਜਿਹੇ ਲੋਕਾਂ ਦੀ ਜੀਵਨ ਵਿੱਚ ਸਰਗਰਮੀ ਕੇਵਲ ਆਪਣੇ ਹਿਤ ਜਾਂ ਸਵਾਰਥ ਲਈ ਹੀ ਹੁੰਦੀ ਹੈ।

ਕੁੱਝ ਗਿਣਤੀ ਅਜਿਹੇ ਸੁਹਿਰਦ ਇਨਸਾਨਾਂ ਦੀ ਵੀ ਹੈ ਜਿਹੜੇ ਆਪਣੇ ਲਈ ਨਹੀਂ, ਸਗੋਂ ਦੂਜਿਆਂ ਲਈ ਜਿਉਂਦੇ ਹਨ। ਉਨ੍ਹਾਂ ਲਈ ਜੀਵਨ ਦਾ ਮਕਸਦ ਹਰ ਹੀਲੇ ਮਾਨਵਤਾ ਦੀ ਸੇਵਾ ਦੇ ਰਾਹ ਤੁਰਨਾ ਹੀ ਹੁੰਦਾ ਹੈ। ਉਹ ਹਮੇਸ਼ਾਂ ਹੀ ਕੁੱਝ ਅਜਿਹਾ ਕਰਨਾ ਲੋਚਦੇ ਹਨ, ਜਿਸ ਨਾਲ ਦੂਜਿਆਂ ਦਾ ਭਲਾ ਹੁੰਦਾ ਹੋਵੇ। ਕਿੰਨੀ ਉੱਚੀ ਤੇ ਸੁੱਚੀ ਹੈ ਖ਼ੂਨਦਾਨ ਦੀ ਭਾਵਨਾ। ਕਿਸੇ ਇਨਸਾਨ ਵਿੱਚ ਜੀਵਨ-ਰੌਅ ਵਜੋਂ ਵਹਿੰਦੇ ਖ਼ੂਨ ਦੀ ਕਮੀ ਜੇ ਆ ਜਾਵੇ ਤਾਂ ਜਾਨ ਨੂੰ ਖ਼ਤਰਾ ਬਣ ਜਾਂਦਾ ਹੈ। ਮਨੁੱਖੀ ਖ਼ੂਨ ਦਾ ਅਜੇ ਤੱਕ ਕੋਈ ਹੋਰ ਬਦਲ ਨਹੀਂ ਹੈ। ਇਸ ਲਈ ਕਿਸੇ ਹਾਦਸੇ ਸਮੇਂ, ਕਿਸੇ ਬਿਮਾਰੀ ਸਮੇਂ, ਕਿਸੇ ਜਾਗਰੂਪ ਮਨੁੱਖ ਵਲੋਂ ਦਿੱਤਾ ਖ਼ੂਨ ਪੀੜਤ ਲਈ ਜੀਵਨ-ਦਾਨ ਬਣ ਜਾਂਦਾ ਹੈ। ਵਿਰਲੇ ਮਨੁੱਖ ਹੀ ਹਨ ਜਿਹੜੇ ਇਸ ਰਾਹ ਤੁਰਦੇ ਹਨ। ਸਲਾਮ! ਅਜਿਹੇ ਇਨਸਾਨਾਂ ਦੀ ਸੋਚ ਤੇ ਸੇਵਾ-ਭਾਵਨਾ ਨੂੰ। ਅਜਿਹੇ ਲੋਕ ਸਮਾਜ ਲਈ ਚਾਨਣ-ਮੁਨਾਰੇ ਹਨ, ਜਿਨ੍ਹਾਂ ਨੇ ਮਾਨਵਤਾ ਲਈ ਕੁੱਝ ਕਰਨਾ ਹੀ ਜੀਵਨ ਦਾ ਮਕਸਦ ਸਮਝਿਆ।

ਸਾਡੇ ਸਮਾਜ ਦੀਆਂ ਕੁੱਝ ਸਮੱਸਿਆਵਾਂ ਕੇਵਲ ਇਸ ਕਾਰਨ ਹਨ ਕਿ ਅਸੀਂ ਉਨ੍ਹਾਂ ਨੂੰ ਸੁਧਾਰਨ ਲਈ ਆਪਣੇ ਹਿੱਸੇ ਦੀ ਜ਼ਿੰਮੇਵਾਰੀ ਲੈਣ ਤੋਂ ਮੁਨਕਰ ਹੋ ਗਏ ਹਾਂ। ਜੇ ਸਮਾਜ ਵਿੱਚ ਕੋਈ ਅਜਿਹਾ ਪ੍ਰੇਰਨਾ-ਸ੍ਰੋਤ ਹੋਵੇ ਵੀ ਤਾਂ ਅਸੀਂ ਉਸ ਦੀਆਂ ਗੱਲਾਂ ਵੱਲ ਘੱਟ ਹੀ ਧਿਆਨ ਦਿੰਦੇ ਹਾਂ। ਕਈ ਸੰਸਥਾਵਾਂ ਵਾਤਾਵਰਨ ਦੀ ਸੰਭਾਲ ਲਈ ਰੁੱਖ ਲਗਾਉਣ ਵਿੱਚ ਲੱਗੀਆਂ ਹੋਈਆਂ ਹਨ। ਇਹੋ ਜਿਹੀਆਂ ਸਖ਼ਸ਼ੀਅਤਾਂ ਦੇ ਮਹਾਨ ਕਾਰਜਾਂ ਅੱਗੇ ਸਿਰ ਝੁਕਦਾ ਹੈ। ਜੇ ਸਾਰਾ ਸਮਾਜ ਹੀ ਰੁੱਖਾਂ, ਕੁੱਖਾਂ, ਪਾਣੀ, ਧਰਤੀ ਤੇ ਵਾਤਾਵਰਨ ਨੂੰ ਬਚਾਉਣ ਵਿੱਚ ਆਪਣਾ ਬਣਦਾ ਯੋਗਦਾਨ ਦੇਣ ਤਾਂ ਅਨੇਕਾਂ ਸਮੱਸਿਆਵਾਂ ਤੋਂ ਨਿਜਾਤ ਪਾਈ ਜਾ ਸਕਦੀ ਹੈ।

ਇੱਕੋ ਤੋਰੇ ਤੁਰੀ ਜਾਂਦੀ ਜ਼ਿੰਦਗੀ ਵੀ ਅਕਾਊ ਤੇ ਬੇਸੁਆਦੀ ਹੋ ਜਾਂਦੀ ਹੈ। ਕੇਵਲ ਘਰ ਤੋਂ ਕੰਮ 'ਤੇ ਅਤੇ ਕੰਮ ਤੋਂ ਘਰ ਤੱਕ ਦਾ ਸਫ਼ਰ ਹੀ ਜ਼ਿੰਦਗੀ ਨਹੀਂ ਹੁੰਦਾ। ਇਸ ਵਿੱਚ ਕੁੱਝ ਤਾਜ਼ਗੀ, ਨਵੀਨਤਾ, ਨਵੀਆਂ ਉਮੰਗਾਂ ਤੇ ਮਨ ਨੂੰ ਸਕੂਨ ਦੇਣ ਵਾਲੇ ਕੁੱਝ ਸਾਰਥਿਕ ਯਤਨ ਹੋਣ ਤਾਂ ਜੀਵਨ-ਰੂਪੀ ਗੱਡੀ ਦਾ

ਸਫ਼ਰ ਸੁਹਾਵਣਾ ਤੇ ਮੁੱਲਵਾਨ ਬਣ ਜਾਂਦਾ ਹੈ। ਨਿੱਕੀਆਂ ਨਿੱਕੀਆਂ ਗੱਲਾਂ ਹੀ ਜ਼ਿੰਦਗੀ ਦੇ ਵਗਦੇ ਪਾਣੀਆਂ ਨੂੰ ਰਵਾਨੀ ਤੇ ਤਾਜ਼ਗੀ ਬਖਸ਼ ਕੇ ਜੀਵਨ ਦੀ ਤੋਰ ਨੂੰ ਚਾਅ ਭਰਪੂਰ ਬਣਾਉਣ ਵਿੱਚ ਸਹਾਈ ਹੁੰਦੀਆਂ ਹਨ। ਅਜਿਹੇ ਕੰਮ ਕਰ ਕੇ ਮਨ ਨੂੰ ਅਪਾਰ ਖੁਸ਼ੀ ਤੇ ਸਕੂਨ ਮਿਲਦਾ ਹੈ। ਜੇ ਧਾਰਮਿਕ ਸੰਸਥਾਵਾਂ ਨੂੰ ਚੜ੍ਹਾਵਾ ਦੇਣ ਦੀ ਬਜਾਏ ਲੋੜਮੰਦਾਂ ਦੇ ਦੁੱਖ-ਦਰਦਾਂ ਨੂੰ ਘਟਾਉਣ ਲਈ ਸਮਾਜ ਵਲੋਂ ਸਹਾਇਤਾ ਦੇਣ ਦੀ ਪਿਰਤ ਪਾ ਲਈ ਜਾਵੇ ਤਾਂ ਰੱਬ ਵੀ ਖੁਸ਼ ਹੋਵੇਗਾ।

ਜ਼ਿੰਦਗੀ ਦੇ ਨਿੱਕੇ ਨਿੱਕੇ ਚਾਅ ਜੀਵਨ ਸਫ਼ਰ ਨੂੰ ਬੋਝ ਨਹੀਂ ਬਣਨ ਦਿੰਦੇ। ਪੰਜਾਬੀ ਸ਼ਾਇਰ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ, 'ਵਗਦੇ ਪਾਣੀ' ਵੀ ਮਾਨਵੀ ਜ਼ਿੰਦਗੀ ਪ੍ਰਤੀ ਇਹੀ ਸੰਦੇਸ਼ ਦਿੰਦੀ ਹੈ-

" ਪਾਣੀ ਵਗਦੇ ਹੀ ਰਹਿਣ, ਕਿ ਵਗਦੇ ਸੁੰਹਦੇ ਨੇ।
ਖੜੋਂਦੇ ਬੁਸਦੇ ਨੇ, ਕਿ ਪਾਣੀ ਵਗਦੇ ਹੀ ਰਹਿਣ"

ਜੇ ਜ਼ਿੰਦਗੀ ਰੂਪੀ ਪਾਣੀ ਵੀ ਨਿਰੰਤਰ ਵਹਿੰਦੇ ਰਹਿਣ ਤਾਂ ਜ਼ਿੰਦਗੀ ਜਿਉਣ ਦਾ ਅਮਲ ਸਾਰਥਿਕ ਹੋ ਨਿੱਬੜਦਾ ਹੈ। ਜੇ ਸਮਾਜ ਵਿੱਚ ਬਹੁਤ ਸਾਰੀਆਂ ਕਮੀਆਂ, ਘਾਟਾਂ ਤੇ ਬੁਰਾਈਆਂ ਹਨ, ਤਾਂ ਸਾਡੀ ਮਕਸਦ ਵਿਹੂਣੀ ਜ਼ਿੰਦਗੀ ਵੀ ਇਸ ਲਈ ਜ਼ਿੰਮੇਵਾਰ ਹੈ। ਫੋਨ- 9815356086

❋ ❋ ❋ ❋ ❋

ਵਧਾਈ

ਸੈਣੀ ਭਵਨ ਰੂਪਨਗਰ ਦੇ ਜਾਇੰਟ ਸਕੱਤਰ ਅਤੇ ਬੇਲਾ ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ **ਸ. ਦਵਿੰਦਰ ਸਿੰਘ ਜਟਾਣਾ ਦੀ ਪੁਸਤਕ**, "ਵਿੱਦਿਅਕ ਅਦਾਰੇ ਜਿਨ੍ਹਾਂ ਪੁਆਧ ਦੀ ਨੁਹਾਰ ਬਦਲੀ" 7 ਜੁਲਾਈ , 2026 ਨੂੰ ਬੇਲਾ ਕਾਲਜ ਵਿੱਚ ਲੋਕਅਰਪਣ ਕੀਤੀ ਗਈ। ਇਹ ਰਸਮ ਬਾਬਾ ਅਵਤਾਰ ਸਿੰਘ ਮੁਖੀ ਗੁਰੂਦੁਆਰਾ ਕੋਟ ਪੁਰਾਣ



ਹੈਡ ਵਰਕਸ ਰੂਪਨਗਰ ਨੇ ਨਿਭਾਈ । ਇਸ ਸਮੇਂ ਕਾਲਜ ਦੇ ਪਿੰਸੀਪਲ ਡਾ.ਸਤਵੰਤ ਕੌਰ ਸ਼ਾਹੀ ਅਤੇ ਵਿਸ਼ੇਸ਼ ਮਹਿਮਾਨ ਸ. ਹਰਬੰਸ ਸਿੰਘ ਕੰਧੋਲਾ ਪੁਸਤਕ ਬਾਰੇ ਆਪਣੇ ਵਿਚਾਰ ਰਖਦਿਆਂ ਇਸ ਨੂੰ ਸਥਾਨਕ ਸਿੱਖਿਆ ਸੰਸਥਾਵਾਂ ਦੇ ਇਤਿਹਾਸ ਦਾ ਇੱਕ ਵਧੀਆ ਉਪਰਾਲਾ ਦੱਸਿਆ।ਸ. ਦਵਿੰਦਰ ਸਿੰਘ ਜਟਾਣਾ ਨੇ ਇਸ ਪੁਸਤਕ ਦੇ ਵਿਸ਼ੇ ਅਤੇ ਮਹੱਤਤਾ 'ਤੇ ਚਾਨਣਾ ਪਾਇਆ। ਇਸ ਮੌਕੇ ਕਮੇਟੀ ਦੇ ਮੈਨੇਜਰ ਸੁਖਵਿੰਦਰ ਸਿੰਘ ਵਿਸਕੀ, ਜਨਰਲ ਸਕੱਤਰ ਜਗਵਿੰਦਰ ਸਿੰਘ ਪੰਮੀ ਤੋਂ ਇਲਾਵਾ ਸੈਣੀ ਭਵਨ ਰੂਪਨਗਰ ਦੇ ਚੇਅਰਮੈਨ ਡਾ.ਅਜਮੇਰ ਸਿੰਘ, ਉੱਪਪ੍ਰਧਾਨ ਡਾ.ਜਸਵੰਤ ਕੌਰ, ਉੱਪਚੇਅਰਮੈਨ ਸ. ਗੁਰਮੁਖ ਸਿੰਘ, ਪ੍ਰਧਾਨ ਸ. ਰਾਜਿੰਦਰ ਸਿੰਘ ਨਨੂੰਆਂ, ਸ਼੍ਰੀ ਰਾਜਿੰਦਰ ਸੈਣੀ, ਟਰੱਸਟੀ ਸ. ਬਹਾਦੁਰਜੀਤ ਸਿੰਘ, ਸ. ਬਲਬੀਰ ਸਿੰਘ ਸੈਣੀ ਅਤੇ

ਵਧਾਈਆਂ



• ਜ਼ਿਲ੍ਹਾ ਐਸ.ਬੀ.ਐਸ ਨਗਰ ਦੇ ਪਿੰਡ ਝਿੱਕਾ ਲਧਾਣਾ ਦੇ ਪ੍ਰਸਿੱਧ ਲੇਖਕ **ਸ. ਗੁਰਦੀਪ ਸਿੰਘ ਮੁਕੱਦਮ** ਦੀ ਕਹਾਣੀ ਪੁਸਤਕ, **"ਗੁਲਾਮ"** ਦਾ ਲੋਕਅਰਪਣ 6 ਸਤੰਬਰ, 2026 ਨੂੰ ਸਵ.ਚਰੰਜਤ ਸਿੰਘ ਮੁਕੱਦਮ ਮੈਮੋਰੀਅਲ ਲਾਇਬ੍ਰੇਰੀ ਵਿੱਚ ਕੀਤਾ ਗਿਆ। ਇਹ ਉਸ ਦੀ ਪੰਜਵੀਂ ਪੁਸਤਕ ਹੈ। ਇਸ ਤੋਂ ਪਹਿਲਾਂ ਉਸ ਨੇ ਤਿੰਨ ਨਾਵਲ ਅਤੇ ਇੱਕ ਆਪਣੇ ਪਿੰਡ ਦੇ ਖੋਜਪੂਰਬਕ ਇਤਿਹਾਸ ਦੀਆਂ ਪੁਸਤਕਾਂ ਲਿਖੀਆਂ ਹਨ। ਸਾਹਿਤਿਕ ਮੰਚ ਲਧਾਣਾ ਝਿੱਕਾ ਦੇ ਉੱਪਪ੍ਰਧਾਨ ਅਤੇ ਲਿਖਾਰੀ ਗੁਰਦੀਪ ਸਿੰਘ ਸੈਣੀ ਨੇ ਪਹੁੰਚੇ ਸਾਹਿਤਕਾਰਾਂ ਦਾ ਸਵਾਗਤ ਕੀਤਾ। ਇਸ ਸਮੇਂ ਇਲਾਕੇ ਦੇ ਪ੍ਰਸਿੱਧ ਲਿਖਾਰੀ ਹਾਜ਼ਰ ਸਨ। ਸ. ਗੁਰਦੀਪ ਸਿੰਘ ਨੇ ਆਪਣੀ ਕਹਾਣੀ ਸੰਗ੍ਰਿਹ ਪੁਸਤਕ ਬਾਰੇ ਚਰਚਾ ਕੀਤੀ ਅਤੇ ਕਵੀਆਂ ਨੇ ਆਪਣੀਆਂ ਰਚਨਾਵਾਂ ਨਾਲ ਰੰਗ ਬੰਨ੍ਹਿਆਂ।ਲੇਖਕ ਰਵਿੰਦਰ ਚੋਟ, ਨਾਵਲਕਾਰ ਗੁਰਨਾਮ ਬਾਵਾ ਅੰਬਾਲਾ ਅਤੇ ਕਹਾਣੀਕਾਰ ਸੋਹਣ ਸਿੰਘ ਸੁੰਨੀ ਨੇ ਪੁਸਤਕ ਬਾਰੇ ਆਪਣੇ ਆਪਣੇ ਵਿਚਾਰ ਰੱਖੇ।



• ਮੋਹਾਲੀ ਜ਼ਿਲ੍ਹੇ ਵਿੱਚ ਡੇਰਾ ਬਸੀ ਦੇ ਵਾਸੀ ਲੇਖਕ **ਸੰਜੀਵ ਸੈਣੀ** ਨੂੰ ਪੰਜਾਬ ਸਰਕਾਰ ਨੇ 15 ਅਗਸਤ, 2026 ਨੂੰ ਪ੍ਰਮਾਣ ਪੱਤਰ ਨਾਲ ਸਨਮਾਨਿਤ ਕੀਤਾ ਹੈ। ਉਸ ਨੂੰ ਇਹ ਸਨਮਾਨ ਸਾਹਿਤਕ ਖੇਤਰ ਵਿੱਚ ਪਾਏ ਬਹੁਮੁੱਲੇ ਯੋਗਦਾਨ ਲਈ ਪ੍ਰਦਾਨ ਕੀਤਾ ਗਿਆ ਹੈ। ਉਸ ਨੂੰ ਇਹ ਐਵਾਰਡ ਨਸ਼ਿਆਂ ਵਿਰੁੱਧ ਜਾਗਰੂਕਤਾ ਪੈਦਾ ਕਰਨ ਲਈ, ਲਿਖੀ ਗਈ ਪੁਸਤਕ, **"ਯੁੱਧ ਨਸ਼ਿਆਂ ਵਿਰੁੱਧ-ਨਸ਼ਾ, ਨਸ਼ਾ ਤੇ ਜਵਾਨੀ"** ਲਈ ਦਿੱਤਾ ਗਿਆ ਹੈ। ਸੰਦੀਪ ਸੈਣੀ ਜੀ ਸਮਾਜਿਕ ਸੇਧ ਅਤੇ ਨਰੋਈ ਜੀਵਨ-ਜਾਚ ਵਿਸ਼ਿਆਂ ਨਾਲ ਭਰਪੂਰ ਹੁਣ ਤੱਕ 9 ਪੁਸਤਕਾਂ ਲਿਖ ਚੁੱਕੇ ਹਨ। ਇਨ੍ਹਾਂ ਸਮਾਜਸੇਵੀ ਅਤੇ ਸਾਹਿਤਕ ਰਚਨਾਵਾਂ ਨਾਲ ਸੰਜੀਵ ਸੈਣੀ ਨੇ ਆਪਣੇ ਪਰਿਵਾਰ, ਬਰਾਦਰੀ ਅਤੇ ਸਮਾਜ ਦਾ ਨਾਮ ਉੱਚਾ ਕੀਤਾ ਹੈ।



• ਰੂਪਨਗਰ ਸ਼ਹਿਰ ਦੇ ਪਾਸ ਪਿੰਡ ਖੁਆਸਪੁਰਾ ਦੇ ਸੈਣੀ ਪਰਿਵਾਰ ਦੇ **ਸਤਵੀਰ ਸਿੰਘ** ਪੁੱਤਰ ਸ.ਅਮਰਜੀਤ ਸਿੰਘ ਨੇ ਤੀਜਾ ਨਾਵਲ, **'ਕਮਾਲ ਦਾ ਆਦਮ'** ਪੰਜਾਬੀ ਪਾਠਕਾਂ ਦੀ ਝੋਲੀ ਪਾਇਆ ਹੈ। ਉਸ ਨੇ ਪਹਿਲਾਂ ਦੋ ਨਾਵਲ, ਖ਼ਜ਼ਾਨਾ ਰੋਡਵੇਜ਼' ਅਤੇ ਕੁਦਰਤ ਦੇ ਭੋਲੇ ਬੰਪਰ' ਲਿਖੇ ਹੋਏ ਹਨ। ਸਤਵੀਰ ਸਿੰਘ ਇੱਕ ਸੰਵੇਦਨਸ਼ੀਲ਼ ਲੇਖਕ ਹੈ ਜੋ ਸਮਾਜਿਕ ਬੁਰਾਈਆਂ ਨੂੰ ਆਪਣੇ ਨਾਵਲਾਂ ਵਿੱਚ ਉਜਾਗਰ ਕਰਦਾ ਹੈ। ਇਸ ਨੌਜਵਾਨ ਲੇਖਕ ਤੋਂ ਸੈਣੀ ਭਵਨ ਦੇ ਪ੍ਰਬੰਧਕਾਂ ਨੂੰ ਬਹੁਤ ਉਮੀਦਾਂ ਹਨ।



ਸੈਣੀ ਸ਼ਹੀਦ ਯੋਧਾ-ਭਾਈ ਸੁਖਦੇਵ ਸਿੰਘ ਸੁੱਖਾ

ਮਨਜੀਤ ਸਿੰਘ ਤੰਬੜ
ਪੰਜੋੜ, ਹੁਸ਼ਿਆਰਪੁਰ

ਸੈਣੀ ਬਰਾਦਰੀ ਨੇ ਆਪਣੇ ਮੁੱਢ-ਕਦੀਮ ਤੋਂ ਹੀ ਸਵੈਮਾਣ ਅਤੇ ਗੈਰਤ ਨਾਲ ਜੀਉਣ ਦੀ ਜਾਚ ਸਿੱਖੀ ਹੋਈ ਹੈ। ਇਸ ਕਾਰਨ ਹੀ ਜਦੋਂ ਜਦੋਂ ਵੀ ਕਿਸੇ ਵੈਰੀ ਨੇ ਦੇਸ਼, ਕੌਮ ਅਤੇ ਭਾਈਚਾਰੇ ਦੀ ਆਬਰੂ ਨੂੰ ਵੰਗਾਰਿਆ ਹੈ ਤਾਂ ਸੈਣੀ ਬਰਾਦਰੀ ਦੇ ਨੌਜਵਾਨਾਂ ਨੇ ਅੱਗੇ ਹੋ ਕੇ ਕੁਰਬਾਨੀਆਂ ਦਿੱਤੀਆਂ ਹਨ। ਇਸ ਦੇ ਯੋਧਿਆਂ ਨੇ ਜ਼ਾਲਮਾਂ ਤੋਂ ਸਿੱਖ ਧਰਮ ਦੀ ਇੱਜ਼ਤ ਬਚਾਉਣ, ਵਿਦੇਸ਼ੀਆਂ ਤੋਂ ਦੇਸ਼ ਨੂੰ ਆਜ਼ਾਦ ਕਰਵਾਉਣ ਅਤੇ ਦੁਸ਼ਮਣਾਂ ਤੋਂ ਰਾਖੀ ਕਰਨ ਲਈ ਆਪਣੀਆਂ ਜਾਨਾਂ ਵਾਰੀਆਂ ਹਨ। ਅਜੋਕੇ ਸਮੇਂ ਵੀ ਜਦੋਂ ਪੰਜਾਬੀ ਕੌਮ ਦੀ ਅਣਖ ਨੂੰ ਆਪਣੇ ਹੀ ਦੇਸ਼ ਦੇ ਰਖਵਾਲਿਆਂ ਵਲੋਂ ਵੰਗਾਰਿਆ ਗਿਆ ਤਾਂ ਸੈਣੀ ਨੌਜਵਾਨਾਂ ਨੇ ਮੋਹਰੀ ਬਣ ਕੇ ਦੁਸ਼ਮਣਾਂ ਤੋਂ ਬਦਲਾ ਲਿਆ। ਇਨ੍ਹਾਂ ਸਿਰਲੱਥ ਯੋਧਿਆਂ ਵਿੱਚ ਭਾਈ ਸੁਖਦੇਵ ਸਿੰਘ ਸੁੱਖਾ ਪ੍ਰਮੁੱਖ ਹੈ।

ਭਾਈ ਸੁਖਦੇਵ ਸਿੰਘ ਸੁੱਖਾ ਦਾ ਜਨਮ ਸੰਨ 1962 ਵਿੱਚ ਸ. ਮਹਿੰਗਾ ਸਿੰਘ ਬਣਵੈਤ ਨਿਵਾਸੀ 16 ਐਫ਼.ਐਫ਼ ਕਰਨਪੁਰ , ਗੰਗਾਨਗਰ (ਰਾਜਸਥਾਨ) ਦੇ ਘਰ ਹੋਇਆ। ਇਸ ਪਰਿਵਾਰ ਦਾ ਪਛੋਕੜ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਭੁੰਗਰਨੀ ਤੋਂ ਹੈ ਜੋ ਪਾਕਿਸਤਾਨ ਦੇ 179 ਚੱਕ ਨਨਕਾਣਾ ਸਾਹਿਬ ਚਲੇ ਗਿਆ ਸੀ। ਪਰ ਦੇਸ਼ ਦੀ ਵੰਡ ਸਮੇਂ ਉੱਜੜ ਕੇ ਗੰਗਾਨਗਰ ਆ ਵਸਿਆ ਸੀ। ਭਾਈ ਸੁੱਖੇ ਨੇ ਆਪਣੇ ਪਿੰਡ ਦੇ ਸਕੂਲ ਤੋਂ ਪੰਜਵੀਂ, ਮਾਣਕਪੁਰ ਤੋਂ ਅੱਠਵੀਂ ਅਤੇ 1983 ਵਿੱਚ ਕਰਨਪੁਰ ਦੇ ਕਾਲਜ ਤੋਂ ਬੀ.ਏ. ਕੀਤੀ। ਆਪਣੀ ਅੰਗਰੇਜ਼ੀ ਦੀ ਐਮ.ਏ ਦੀ ਪੜ੍ਹਾਈ ਦੌਰਾਨ ਹੀ ਭਾਈ ਸੁੱਖਾ, ਹਰਜਿੰਦਰ ਸਿੰਘ ਜਿੰਦਾ ਦੀ ਭੂਆ ਦੇ ਪੁੱਤ ਬਲਜਿੰਦਰ ਸਿੰਘ ਦੇ ਸੰਪਰਕ ਵਿੱਚ ਆਇਆ। ਉਸ ਦੇ ਨਾਲ ਹੀ ਭਾਈ ਸੁੱਖਾ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸੰਗਤ ਦਾ ਮੌਕਾ ਮਿਲਿਆ। ਭਾਈ ਸੁੱਖਾ ਅਤੇ ਭਾਈ ਜਿੰਦਾ ਕਈ ਹੋਰ ਗਰਮਖਿਆਲੀ ਸਿੱਖਾਂ ਵਾਂਗ ਖਾਲਿਸਤਾਨ ਦੀ ਸਿਰਜਣਾ ਦੇ ਸੁਪਨੇ ਲੈਣ ਲੱਗੇ।

1984 ਵਿੱਚ ਹਰਿਮੰਦਰ ਸਾਹਿਬ ਜੀ 'ਤੇ ਹੋਏ ਓਪਰੇਸ਼ਨ ਬਲਿਊ ਸਟਾਰ ਮਗਰੋਂ ਕਈ ਸਿੰਘਾਂ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਫ਼ੌਜ ਦੇ ਮੁਖੀ ਜਨਰਲ ਅਰੁਣ ਕੁਮਾਰ ਵੈਦਿਆ ਨੂੰ ਮਾਰਨ ਦੀਆਂ ਵਿਉਂਤਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਇੰਦਰਾ ਗਾਂਧੀ ਦਾ ਉਸ ਦੇ ਦੋ ਸੁਰੱਖਿਆ ਕਰਮਚਾਰੀਆਂ ਨੇ ਉਸ ਦੇ ਨਿਵਾਸ ਸਥਾਨ ਦੇ ਬਾਹਰ ਕਤਲ ਕਰ ਦਿੱਤਾ। ਭਾਰਤੀ ਸੈਨਾ ਦੇ ਮੁਖੀ ਜਨਰਲ ਵੈਦਿਆ ਅਤੇ ਸਾਕਾ ਨੀਲਾ ਤਾਰਾ ਕਾਰਵਾਈ ਦੇ ਇੰਚਾਰਜ ਲੈਫ਼ਟੀਨੈਂਟ ਜਨਰਲ ਰਣਜੀਤ ਸਿੰਘ ਦਿਆਲ ਨੂੰ ਸ੍ਰੀ ਹਰਿਮੰਦਰ ਸਾਹਿਬ ਤੇ ਪੰਜਾਬ ਦੇ ਹੋਰ ਲਗਭਗ 40 ਗੁਰਦੁਆਰਿਆਂ ਉੱਤੇ ਹਮਲਾ ਕਰਨ ਅਤੇ ਅਕਾਲ ਤਖਤ ਸਾਹਿਬ ਨੂੰ ਢਾਹ-ਢੇਰੀ ਕਰਨ ਲਈ ਜ਼ਿੰਮੇਵਾਰ ਠਹਿਰਾਇਆ ਗਿਆ। ਭਾਈ ਸੁਖਦੇਵ ਸਿੰਘ ਸੁੱਖਾ ਅਤੇ ਭਾਈ ਹਰਜਿੰਦਰ ਸਿੰਘ ਜਿੰਦਾ ਹੇ ਦੋਵੇਂ ਜਨਰਲਾਂ ਨੂੰ ਮਾਰਨ ਦਾ ਮਨ ਬਣਾ ਲਿਆ।

ਭਾਈ ਸੁਖਦੇਵ ਸਿੰਘ ਸੁੱਖਾ ਨੇ ਭੇਸ ਬਦਲ ਕੇ ਰਾਕੇਸ਼ ਸ਼ਰਮਾ ਤੇ ਪ੍ਰਦੀਪ ਕੁਮਾਰ ਵਰਗੇ ਫ਼ਰਜ਼ੀ ਨਾ ਰੱਖ ਕੇ ਪੂਨੇ ਵਿੱਚ ਆਪਣੇ ਲਈ ਰਿਹਾਇਸ਼ ਅਤੇ ਮੋਟਰਸਾਈਕਲ ਦਾ ਪ੍ਰਬੰਧ ਕਰ ਲਿਆ। 10 ਅਗਸਤ, 1987 ਨੂੰ ਭਾਈ ਜਿੰਦੇ ਨੇ ਜਨਰਲ ਵੈਦਿਆ ਦੀ ਕਾਰ ਦਾ ਆਪਣੇ ਮੋਟਰਸਾਈਕਲ ਨਾਲ ਪਿੱਛਾ ਕੀਤਾ ਅਤੇ ਪਿੱਛੇ ਬੈਠੇ ਭਾਈ ਸੁੱਖੇ ਨੇ ਜਨਰਲ ਦੇ ਤਿੰਨ ਗੋਲੀਆਂ ਮਾਰ ਦਿੱਤੀਆਂ। ਜਨਰਲ ਥਾਂ 'ਤੇ ਹੀ ਮਰ ਗਿਆ ਅਤੇ ਗਲਤੀ ਨਾਲ ਲੱਗੀ ਇੱਕ ਗੋਲ਼ੀ ਨਾਲ ਉਸ ਦੀ ਪਤਨੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ। ਬੇਸ਼ਕ ਜਨਰਲ ਦਿਆਲ ਨੂੰ ਵੀ ਮਾਰਨ ਲਈ ਇਹ ਦੋਵੇਂ ਸਾਥੀ ਉੱਥੋਂ ਭੱਜ ਜਾਣ ਵਿੱਚ ਸਫ਼ਲ ਹੋ ਗਏ ਪ੍ਰੰਤੂ ਮਗਰੋਂ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਪੂਨੇ ਲਿਆਂਦਾ ਗਿਆ। ਇਨ੍ਹਾਂ ਦੋਨਾਂ ਨੂੰ ਯੇਰਵਾੜਾ ਜੇਲ੍ਹ ਵਿੱਚ ਨਜ਼ਰਬੰਦ ਰੱਖਿਆ ਗਿਆ। ਜਦੋਂ ਦੋਨਾਂ ਨੇ ਹੀ ਆਪਣਾ ਜ਼ੁਰਮ ਮੰਨ ਲਿਆ ਤਾਂ ਇਨ੍ਹਾਂ ਨੂੰ 21 ਅਕਤੂਬਰ, 1989 ਨੂੰ ਫਾਂਸੀ ਦੀ ਸਜ਼ਾ ਹੋ ਗਈ ਅਤੇ ਭਾਈ ਨਿਰਮਲ ਸਿੰਘ ਨਿੰਮੇ ਨੂੰ ਬਰੀ ਕਰ ਦਿੱਤਾ ਗਿਆ।



ਕਈ ਲੋਕਾਂ ਨੇ ਇਨ੍ਹਾਂ ਨੂੰ ਆਪਣੀ ਫਾਂਸੀ ਦੀ ਸਜ਼ਾ ਦੀ ਮੁਆਫ਼ੀ ਲਈ ਅਪੀਲ ਕਰਨ ਦੀ ਸਲਾਹ ਦਿੱਤੀ ਪਰ ਇਹ ਸ਼ਾਂਤ ਰਹੇ। ਇਨ੍ਹਾਂ ਨੇ ਆਪਣੀ ਕਾਰਵਾਈ ਨੂੰ ਜਾਇਜ਼ ਅਤੇ ਆਪਣਾ ਫ਼ਰਜ਼ ਸਮਝਿਆ। ਇਨ੍ਹਾਂ ਨੂੰ ਮੌਤ ਦਾ ਕੋਈ ਡਰ ਨਹੀਂ ਸੀ। ਇਨ੍ਹਾਂ ਨੇ ਤਾਂ ਆਪਣੀ ਸਜ਼ਾ ਦੀ ਖ਼ਬਰ ਸੁਣ ਕੇ ਜੇਲ੍ਹ ਵਿੱਚ ਬਰਫ਼ੀ ਵੰਡੀ। ਜਦੋਂ ਸੁਪਰੀਮ ਕੋਰਟ ਵਲੋਂ ਇਨ੍ਹਾਂ ਨੂੰ ਦਿੱਤੀ ਗਈ ਫਾਂਸੀ ਦੀ ਸਜ਼ਾ ਦੀ ਪੁਸ਼ਟੀ ਹੋ ਗਈ ਤਾਂ ਇਨ੍ਹਾਂ ਨੇ ਜੇਲ੍ਹ ਵਿੱਚ ਲੱਡੂ ਵੰਡੇ।

ਭਾਈ ਸੁਖਦੇਵ ਸਿਘ ਅਤੇ ਭਾਈ ਹਰਜਿੰਦਰ ਸਿੰਘ ਨੂੰ 9 ਅਕਤੂਬਰ, 1992 ਨੂੰ ਸਵੇਰੇ ਚਾਰ ਵਜੇ ਫਾਂਸੀ 'ਤੇ ਚਾੜ੍ਹਿਆ ਜਾਣਾ ਤੈਅ ਹੋ ਗਿਆ। ਇਨ੍ਹਾਂ ਦੋਵੇਂ ਸਿੰਘਾਂ ਨੂੰ ਇਨ੍ਹਾਂ ਦੇ ਪਰਿਵਾਰਕ ਮੈਂਬਰਾਂ, ਜੇਲ੍ਹ ਕਰਮਚਾਰੀਆਂ, ਕੈਦੀ ਸਾਥੀਆਂ, ਵਕੀਲਾਂ ਅਤੇ ਜੱਜ ਨੇ ਫਹਿੰਦੀ ਕਲਾ ਵਿੱਚ ਨਹੀਂ ਦੇਖਿਆ। ਇਹ ਸਦਾ ਹੀ ਰੱਬ ਦਾ ਸਿਮਰਨ ਕਰਦੇ ਅਤੇ ਜੇਲ੍ਹ ਦੇ ਕਰਮਚਾਰੀਆਂ ਅਤੇ ਸਾਥੀਆਂ ਨੂੰ ਚੁਟਕਲੇ ਸੁਣਾ ਸੁਣਾ ਕੇ ਖੁਸ਼ ਰਖਦੇ ਸਨ। ਆਖ਼ਰੀ ਸਮੇਂ ਵੀ ਉਹ ਦੋਨੋਂ ਵੀਰ ਚੜ੍ਹਦੀ

ਕਲਾ ਵਿੱਚ ਸਨ। ਜਦੋਂ ਇਨ੍ਹਾਂ ਨੂੰ ਫਾਂਸੀ ਦਿੱਤੀ ਗਈ ਤਾਂ ਇਨ੍ਹਾਂ ਦੇ ਪਰਿਵਾਰ ਪੂਨਾ ਦੇ ਗੁਰਦੁਆਰਾ ਸਿੰਘ ਸਭਾ ਗਣੇਸ਼ਪੁਰੀ ਵਿੱਚ ਸਨ। ਸਿੱਖ ਪੰਥ ਦੇ ਇਨ੍ਹਾਂ ਸ਼ਹੀਦਾਂ ਦੀਆਂ ਦੇਹਾਂ ਦਾ ਪੁਲਿਸ ਨੇ ਹੀ ਜੇਲ੍ਹ ਤੋਂ ਦੂਰ ਮੂਲਾ ਮੂਥਾ ਦਰਿਆ ਦੇ ਕਿਨਾਰੇ ਇੱਕ ਵੀਰਾਨ ਥਾਂ 'ਤੇ ਸੰਸਕਾਰ ਕਰ ਦਿੱਤਾ। ਇੱਕ ਗ੍ਰੰਥੀ ਸਿੰਘ ਨੇ ਇਨ੍ਹਾਂ ਦੀਆਂ ਅੰਤਿਮ ਧਾਰਮਿਕ ਰਸਮਾਂ ਨਿਭਾਈਆਂ ਅਤੇ ਇਨ੍ਹਾਂ ਦੇ ਪਿਤਾਵਾਂ ਨੇ ਚਿਖਾਵਾਂ ਨੂੰ ਅਗਨੀ ਦਿਖਾਈ।

ਭਾਈ ਸੁਖਦੇਵ ਸਿੰਘ ਦਾ ਪਰਿਵਾਰ ਹੁਣ ਪਿੰਡ 16 ਐਫ ਐਫ ਵਿਖੇ ਹੀ ਰਹਿ ਰਿਹਾ ਹੈ। ਪਰਿਵਾਰ ਵਿੱਚ ਮਾਤਾ ਸੁਰਜੀਤ ਕੌਰ ਤੇ ਪਿਤਾ ਸ. ਮਹਿੰਗਾ ਸਿੰਘ ਬਣਵੈਤ ਭਾਈ ਸੁੱਖੇ ਦੇ ਛੋਟੇ ਭਰਾ ਦੇ ਪਰਿਵਾਰ ਨਾਲ ਰਹਿੰਦੇ ਹਨ। ਇਨ੍ਹਾਂ ਕੋਲ 33 ਵਿੱਘੇ ਜ਼ਮੀਨ ਹੈ ਜਿਸ 'ਤੇ ਭਾਈ ਸੁਖਦੇਵ ਸਿੰਘ ਦਾ ਭਤੀਜਾ ਖੇਤੀ ਕਰ ਕੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਰਿਹਾ ਹੈ। ਭਾਈ ਸੁਖਦੇਵ ਸਿੰਘ ਦੀਆਂ ਤਿੰਨ ਸ਼ਾਦੀਸ਼ੁਦਾ ਭੈਣਾ ਆਪਣੇ ਆਪਣੇ ਸਹੁਰਾ ਪਰਿਵਾਰਾਂ ਵਿੱਚ ਸੁਖੀ ਵਸਦੀਆਂ ਹਨ।

ਭਾਈ ਸੁਖਦੇਵ ਸਿੰਘ ਆਪਣੀ ਜਾਨ ਨੂੰ ਧਰਮ 'ਤੇ ਕੁਰਬਾਨ ਕਰ ਕੇ ਅਮਰ ਹੋ ਗਏ ਹਨ। ਆਪ ਦਾ ਨਾਮ ਸ਼ਹੀਦਾਂ ਦੀ ਸੂਚੀ ਵਿੱਚ ਸ਼ਾਮਿਲ ਹੋ ਗਿਆ ਹੈ ਜੋ ਇਤਿਹਾਸ ਵਿੱਚ ਉੱਕਰਿਆ ਗਿਆ ਹੈ। ਅਗਲੀਆਂ ਪੀੜ੍ਹੀਆਂ ਭਾਈ ਸਾਹਿਬ ਦੀ ਕੁਰਬਾਨੀ ਦੇ ਸੋਹਲੇ ਗਾਇਆ ਕਰਨਗੀਆਂ। ਸਿੱਖ ਕੌਮ ਅਤੇ ਸੈਣੀ ਬਰਾਦਰੀ ਨੂੰ ਆਪਣੇ ਇਸ ਸ਼ਹੀਦ 'ਤੇ ਅੰਤਾਂ ਦਾ ਮਾਣ ਹੈ।

(ਪੁਸਤਕ, "ਸੈਣੀ ਮਾਲਵੇ ਦੇ" ਵਿੱਚੋਂ)

❋ ❋ ❋ ❋ ❋

ਮੈਗਜ਼ੀਨ ਸੈਣੀ ਸੰਸਾਰ ਦੇ ਨਵੇਂ ਪੰਜ-ਸਾਲਾ ਮੈਂਬਰ

1. **ਸ ਗੁਰਿੰਦਰ ਸਿੰਘ,** # 135, ਸਨਸਿਟੀ, ਰੂਪਨਗਰ।
2. **ਸ. ਹਰਪ੍ਰੀਤ ਸਿੰਘ,** #3 ਗਿੱਲਕੋ ਵੈਲੀ, ਰੂਪਨਗਰ
3. **ਸ.ਗੁਰਦੇਵ ਸਿੰਘ ਸੋਢੀ,** # 151, ਦਸ਼ਮੇਸ਼ ਨਗਰ, ਰੂਪਨਗਰ।
4. **ਸ.ਅਮਰਜੀਤ ਸਿੰਘ,** # 88, ਮੋਹਿੰਦਰਾ ਕਾਲੋਨੀ, ਰੂਪਨਗਰ।
5. **ਨਮਨਪ੍ਰੀਤ ਕੌਰ** # ਗੁਰਬਖਸ਼ ਕਾਲੋਨੀ, ਰੂਪਨਗਰ।



ਕਵਿਤਾ

ਵਜ਼ੂਦ (ਹਿੰਦੀ)

*ਡਾ. ਦਲਜੀਤ ਕੌਰ ਸੈਣੀ
ਚੰਡੀਗੜ੍ਹ

ਤੁਮ ਪੁਰਸ਼--ਤੁਮ ਸਭੀ ਕੁਛ,
ਮੈਂ ਔਰਤ--ਮੈਂ ਕੁਛ ਭੀ ਨਹੀਂ।
ਤੁਮ ਜਨਮੇ--ਤੁਮਹਾਰੇ ਅਪਨੇ ਸਬ,
ਮੈਂ ਪਰਾਈ--ਮਾਂ ਬਾਪ ਕੇ ਲਿਏ।
ਮੈਂ ਗੈਰ--ਸਾਸ ਸਸੁਰ ਕੇ ਲਿਏ।
ਮੇਰਾ ਘਰ—ਕਹੀਂ ਨਹੀਂ,
ਮੇਰਾ ਅਪਨਾ—ਕੋਈ ਨਹੀਂ।
ਤੁਮ ਪੁਰਸ਼—ਸਾਰੀ ਦੁਨੀਆਂ ਤੁਮਹਾਰੀ,
ਮੈਂ ਕਿਆ?
ਮੇਰਾ ਕੁਛ ਵਜੂਦ ਨਹੀਂ?
ਪੁਰਸ਼ ਹੋ ਤੁਮ—ਤੋ ਕਿਆ?
ਮੈਂ ਕਠਪੁਤਲੀ ਤੋ ਨਹੀਂ।
ਬਨਾਊਂਗੀ ਮੈਂ ਵਜੂਦ ਅਪਨਾ।
ਸੱਚ ਕਰੂੰਗੀ ਹਰ ਸਪਨਾ।
ਤੋੜੂੰਗੀ ਬਾਧਾਏਂ
ਮੈਂ ਕੁਛ ਕਰ ਦਿਖਾਊਂਗੀ।
ਦੁਨੀਆਂ ਮੇਂ ਆਗੇ ਨਿਕਲ ਕਰ,
ਨਾਮ ਸੇ—ਮਹਾਨ ਕਹਿਲਾਊਂਗੀ।
ਹਰ ਔਰਤ ਕੀ ਮੈਂ,
ਪਹਿਚਾਨ ਬਨ ਜਾਊਂਗੀ।
ਹਾਂ! ਮੈਂ ਔਰਤ
ਮੇਰਾ ਭੀ ਵਜੂਦ ਹੈ।
ਮੇਰਾ ਵਜੂਦ ਹੈ।

*ਲੇਖਿਕਾ ਹਿੰਦੀ ਵਿਸ਼ੇ ਵਿੱਚ ਪੀ.ਐਚ.ਡੀ ਅਤੇ ਅਧਿਆਪਕ ਵਜੋਂ ਸੇਵਾਮੁਕਤ ਇਸ ਲੇਖਕਾ ਦੀਆਂ ਪੰਜਾਬੀ ਤੇ ਹਿੰਦੀ ਭਾਸ਼ਾ ਵਿੱਚ ਲਿਖੀਆਂ ਦਰਜਨਾਂ ਰਚਨਾਵਾਂ ਪੱਤਰਕਾਵਾਂ ਅਤੇ ਮੈਗਜ਼ੀਨਾਂ ਵਿੱਚ ਛਪਦੀਆਂ ਹਨ। ਉਸ ਨੇ ਬੱਚਿਆਂ ਲਈ ਕਈ ਬਹੁਮੁੱਲੀਆਂ ਪੁਸਤਕਾਂ ਵੀ ਲਿਖੀਆਂ ਹਨ ਜਿਸ ਕਰ ਕੇ ਕਈ ਸਾਹਿਤ ਸਭਾਵਾਂ ਅਤੇ ਅਦਬੀ ਅਦਾਰਿਆਂ ਵਲੋਂ ਸਨਮਾਨਿਤ ਕੀਤੀ ਹੋਈ ਹੈ।



ਸਮੇਂ ਦੀ ਤੌਰ

ਡਿਜ਼ੀਟਲ ਇਕਲਾਪਾ

ਜਗਦੇਵ ਸਿੰਘ
ਸੈਣੀ ਭਵਨ ਰੂਪਨਗਰ

ਅਜੋਕਾ ਮਨੁੱਖ ਵਿਗਿਆਨ ਅਤੇ ਤਕਨਾਲੌਜੀ ਦੇ ਖੇਤਰ ਵਿੱਚ ਬੇਮਿਸਾਲ ਤਰੱਕੀ ਕਰ ਚੁੱਕਾ ਹੈ। ਉਹ ਚੰਨ ਤੱਕ ਪਹੁੰਚ ਗਿਆ ਹੈ, ਆਰਟੀਫ਼ੀਸ਼ੀਅਲ ਇੰਟੈਲੀਜੈਂਸ ਵਰਗੀਆਂ ਅਦਭੁੱਤ ਖੋਜਾਂ ਕਰ ਚੁੱਕਾ ਹੈ ਅਤੇ ਪੂਰੀ ਦੁਨੀਆਂ ਨੂੰ ਛੋਟੀ ਜਿਹੀ ਸਕਰੀਨ 'ਚ ਸਮੇਟ ਚੁੱਕਾ ਹੈ। ਪਰ ਇਸ ਚਮਕਦਾਰ ਤਰੱਕੀ ਨੇ ਇੱਕ ਅਜਿਹੀ ਆਦਤ ਵੀ ਪੈਦਾ ਕਰ ਦਿੱਤੀ ਹੈ, ਜਿਸ ਨੂੰ ਅਸੀਂ ਅਣਦੇਖਿਆਂ ਕਰ ਦਿੰਦੇ ਹਾਂ। ਇਹ ਆਦਤ ਹੈ, ਮਨੁੱਖ ਦਾ ਡਿਜੀਟਲ ਗ਼ੁਲਾਮ ਹੋਣਾ। ਇਹ ਸਿਰਫ਼ ਆਦਤ ਨਹੀਂ, ਸਗੋਂ ਇੱਕ ਖ਼ਾਮੋਸ਼ ਮਹਾਂਮਾਰੀ ਵਜੋਂ ਉੱਭਰ ਰਹੀ ਹੈ, ਜੋ ਮਨੁੱਖ ਦੇ ਮਨ, ਸਰੀਰ ਅਤੇ ਰਿਸ਼ਤਿਆਂ ਨੂੰ ਨਿਗਲ ਰਹੀ ਹੈ। ਅੱਜ ਦੇ ਮਨੁੱਖ ਦੀ ਸਵੇਰ ਦੀ ਸ਼ੁਰੂਆਤ ਸੂਰਜ ਦੀ ਰੌਸ਼ਨੀ ਨਾਲ ਨਹੀਂ, ਸਗੋਂ ਮੋਬਾਈਲ ਦੀ ਸਕਰੀਨ ਨਾਲ ਹੁੰਦੀ ਹੈ। ਦਿਨ ਦਾ ਅੰਤ ਵੀ ਓਸੇ ਸਕਰੀਨ ਨਾਲ ਹੁੰਦਾ ਹੈ। ਮਨੁੱਖੀ ਜੀਵਨ ਦਾ ਹਰ ਪਲ ਹੁਣ ਡਿਜੀਟਲ ਜਗਤ ਨਾਲ ਜੁੜ ਗਿਆ ਹੈ।

ਕੋਈ ਸਮਾਂ ਸੀ ਜਦੋਂ ਘਰਾਂ ਦੇ ਵਿਹੜੇ 'ਚ ਬੈਠ ਕੇ ਗੱਲਾਂ ਕਰਦੇ ਤੇ ਹੱਸਦੇ ਹੁੰਦੇ ਸਨ ਅਤੇ ਰਿਸ਼ਤਿਆਂ ਨੂੰ ਮਜ਼ਬੂਤ ਬਣਾਉਂਦੇ ਸਨ। ਪਰ ਅੱਜ ਇੱਕ ਹੀ ਛੱਤ ਹੇਠਾਂ ਰਹਿੰਦੇ ਹੋਏ ਵੀ ਹਰ ਵਿਅਕਤੀ ਆਪੋ-ਆਪਣੇ ਮੋਬਾਈਲ ਨੂੰ ਚਿੰਬੜਿਆ ਹੋਇਆ ਹੈ। ਪਿਤਾ ਸੋਸ਼ਲ ਮੀਡੀਆ 'ਤੇ ਸਕਰੋਲ ਕਰ ਰਿਹਾ ਹੈ, ਬੱਚੇ ਔਨਲਾਈਨ ਗੇਮਾਂ ਵਿੱਚ ਰੁੱਝੇ ਹਨ ਅਤੇ ਮਾਂ ਵਟਸਅਪ 'ਤੇ ਮਘਨ ਹੈ। ਘਰ ਵਿੱਚ ਚੁੱਪ ਹੈ। ਪਰ ਇਹ ਅਜਬ ਖ਼ਾਮੋਸ਼ੀ ਸ਼ਾਤੀ ਦੀ ਨਹੀਂ, ਸਗੋਂ ਇਕਲਾਪੇ ਦੀ ਹੈ।

ਸੋਸ਼ਲ ਮੀਡੀਆ ਨੇ ਸਾਨੂੰ ਦੁਨੀਆਂ ਨਾਲ ਜੋੜਨ ਦਾ ਦਾਅਵਾ ਕੀਤਾ ਸੀ, ਪਰ ਅਸਲ ਵਿੱਚ ਇਸ ਨੇ ਸਾਨੂੰ ਆਪਣੇ ਹੀ ਲੋਕਾਂ ਤੋਂ ਦੂਰ ਕਰ ਦਿੱਤਾ ਹੈ। ਅਸੀਂ ਆਪਣੀ ਜ਼ਿੰਦਗੀ ਨੂੰ ਹੋਰਾਂ ਦੀ ਚਮਕਦਾਰ ਜ਼ਿੰਦਗੀ ਨਾਲ ਤੋਲਣ ਲੱਗ ਪਏ ਹਾਂ।

ਕਿਸੇ ਦੀਆਂ ਖ਼ੁਸ਼ੀਆ ਦੇ ਪਲ ਸਾਨੂੰ ਆਪਣੀ ਕਮੀ ਦਾ ਅਹਿਸਾਸ ਦਿਵਾਉਂਦੇ ਹਨ। ਅਸੀਂ ਇਹ ਨਹੀਂ ਸਮਝਦੇ ਕਿ ਹਰ ਤਸਵੀਰ ਅਤੇ ਵੀਡੀਓ ਪਿੱਛੇ ਇੱਕ ਬਨਾਵਟੀ ਹਕੀਕਤ ਲੁਕੀ ਹੁੰਦੀ ਹੈ। ਨਤੀਜੇ ਵਜੋਂ ਸਾਡੇ ਅੰਦਰ ਅਸੰਤੁਸ਼ਟੀ, ਹੀਣਤਾ ਅਤੇ ਚਿੰਤਾ ਵਧ ਰਹੀ ਹੈ। ਇਹ ਤੁਲਨਾ ਮਨੁੱਖ ਨੂੰ ਅੰਦਰੋਂ ਕਮਜ਼ੋਰ ਕਰ ਰਹੀ ਹੈ। ਨੌਜਵਾਨ ਪੀੜ੍ਹੀ ਇਸ ਡਿਜੀਟਲ ਐਡਿਕਸ਼ਨ ਦਾ ਸਭ ਤੋਂ ਵੱਡਾ ਸ਼ਿਕਾਰ ਬਣ ਰਹੀ ਹੈ। ਉਨ੍ਹਾਂ ਦੇ ਸੁਪਨੇ ਹੁਣ ਸਕਰੀਨਾਂ ਵਿੱਚ ਕੈਦ ਹੋ ਰਹੇ ਹਨ। ਖੇਡ ਮੈਦਾਨ ਸੁੰਨੇ ਹੋ ਰਹੇ ਹਨ, ਕਿਤਾਬਾਂ ਪੜ੍ਹਨ ਦੀ ਆਦਤ ਘਟ ਰਹੀ ਹੈ ਅਤੇ ਅੱਖਾਂ ਹਮੇਸ਼ਾਂ ਸਕਰੀਨ ਦੀ ਚਮਕ ਨਾਲ ਥੱਕੀਆਂ ਰਹਿੰਦੀਆਂ ਹਨ। ਸਿਰਫ਼ ਸਰੀਰਕ ਸਿਹਤ ਹੀ ਨਹੀਂ, ਸਗੋਂ ਮਾਨਸਿਕ ਸਿਹਤ ਵੀ ਪ੍ਰਭਾਵਿਤ ਹੋ ਰਹੀ ਹੈ। ਡਿਪਰੈਸ਼ਨ ਅਤੇ ਨੀਂਦ ਦੀਆਂ ਸਮੱਸਿਆਵਾਂ ਆਮ ਹੋ ਗਈਆਂ ਹਨ। ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਇਹ ਦਰਦ ਅਕਸਰ ਅਣਕਿਹਾ ਰਹਿ ਜਾਂਦਾ ਹੈ ਕਿਉਂਕਿ ਹਰ ਕੋਈ ਆਪੋ-ਆਪਣੇ ਡਿਜੀਟਲ ਸੰਸਾਰ ਵਿੱਚ ਗੁਆਚਿਆ ਹੋਇਆ ਹੈ। ਡਿਜੀਟਲ ਮੀਡੀਆ ਨੇ ਰਿਸ਼ਤਿਆਂ ਦੀ ਪਰਿਭਾਸ਼ਾ ਵੀ ਬਦਲ ਦਿੱਤੀ ਹੈ। ਅੱਜ ਦੋਸਤੀ, 'ਲਾਈਕਸ' ਅਤੇ 'ਕੁਮੈਂਟਸ' ਨਾਲ ਮਾਪੀ ਜਾਂਦੀ ਹੈ। ਜਨਮ ਦਿਨ ਦੀਆਂ ਵਧਾਈਆਂ ਸਿਰਫ਼ ਮੈਸੇਜ ਤੱਕ ਸੀਮਿਤ ਹੋ ਕੇ ਰਹਿ ਗਈਆਂ ਹਨ।

ਅਸਲ ਮੇਲ-ਮਿਲਾਪ ਘਟ ਗਿਆ ਹੈ। ਅਸੀਂ ਲੋਕਾਂ ਦੇ ਨੇੜੇ ਹੋ ਕੇ ਵੀ ਦਿਲੋਂ ਦੂਰ ਹੋ ਗਏ ਹਾਂ। ਇੱਕ ਸਮਾਂ ਸੀ ਜਦੋਂ ਕਿਸੇ ਦੇ ਦੁੱਖ ਵਿੱਚ ਹਾਜ਼ਰੀ ਲਾਉਣਾ ਸਭ ਤੋਂ ਵੱਡਾ ਸਹਾਰਾ ਬਣ ਜਾਂਦਾ ਸੀ, ਪਰ ਹੁਣ 'ਸਟੇਅ ਸਟਰੌਂਗ' ਲਿਖ ਦੇਣਾ ਹੀ ਕਾਫ਼ੀ ਸਮਝਿਆ ਜਾਂਦਾ ਹੈ। ਇਹ ਬਦਲਾਅ ਹੌਲੀ-ਹੌਲੀ ਮਨੁੱਖਤਾ ਦੀ ਸੰਵੇਦਨਸ਼ੀਲਤਾ ਨੂੰ ਘਟਾ ਰਿਹਾ ਹੈ। ਇਹ ਸਮੱਸਿਆ ਸਿਰਫ਼ ਨਿੱਜ ਤੱਕ ਸੀਮਿਤ ਨਹੀਂ ਰਹੀ, ਸਗੋਂ ਸਮਾਜਿਕ ਤਾਣੇ-ਬਾਣੇ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੀ ਹੈ। ਅਸੀਂ ਸੱਚਾਈ ਨਾਲੋਂ ਵੱਧ ਦਿਖਾਵੇ ਨੂੰ ਮਹੱਤਵ ਦੇਣ ਲਗ ਪਏ ਹਾਂ। ਅਸਲੀਅਤ ਪਿੱਛੇ ਰਹਿ ਗਈ ਹੈ ਅਤੇ ਬਨਾਵਟੀ (ਵਰਚੁਅਲ) ਅਕਸ ਅੱਗੇ ਆ ਗਿਆ ਹੈ। ਅਸੀਂ ਆਪਣੀ ਖੁਸ਼ੀ ਨੂੰ ਜਿਉਣ ਦੀ ਬਜਾਏ ਉਸ ਨੂੰ ਪ੍ਰਦਰਸ਼ਿਤ ਕਰਨ 'ਚ ਜ਼ਿਆਦਾ ਰੁਚੀ ਰੱਖਣ ਲੱਗੇ ਹਾਂ। ਯਾਦਾਂ ਹੁਣ ਦਿਲ 'ਚ ਨਹੀਂ, ਸਗੋਂ ਮੋਬਾਈਲ ਦੀ ਗੈਲਰੀ ਵਿੱਚ ਸਾਂਭੀਆਂ ਜਾਂਦੀਆਂ ਹਨ। ਇਹ ਬਦਲਾਅ ਸਾਨੂੰ ਅਸਲੀ ਜੀਵਨ ਤੋਂ ਦੂਰ ਕਰ ਰਿਹਾ ਹੈ।

ਡਿਜੀਟਲ ਐਡਿਕਸ਼ਨ ਦੇ ਕਈ ਕਾਰਨ ਹਨ, ਜਿਨ੍ਹਾਂ 'ਚ ਇਕੱਲਾਪਣ, ਤਣਾਅ ਤੋਂ ਬਚਣ ਦੀ ਕੋਸ਼ਿਸ਼, ਮਨੋਰੰਜਨ ਦੇ ਪਰੰਪਰਾਗਤ ਸਾਧਨਾਂ ਦੀ ਘਾਟ ਅਤੇ ਡਿਜੀਟਲ ਸਾਧਨਾਂ ਦੀ ਆਸਾਨ ਉਪਲਬਧਤਾ ਸ਼ਾਮਿਲ ਹਨ। ਲੋਕ ਅਕਸਰ ਹਕੀਕਤ ਤੋਂ ਭੱਜ ਕੇ ਡਿਜੀਟਲ ਦੁਨੀਆਂ ਵਿੱਚ ਸਹਾਰਾ ਲੱਭਦੇ ਹਨ ਪਰ ਇਹ ਸਹਾਰਾ ਅਸਥਾਈ ਹੁੰਦਾ ਹੈ। ਲੰਮੇ ਸਮੇਂ ਵਿੱਚ ਇਹ ਹੋਰ ਵੱਡੀ ਸਮੱਸਿਆ ਬਣ ਜਾਂਦਾ ਹੈ। ਪਰ ਇਸ ਦਾ ਹਲ ਵੀ ਮੌਜੂਦ ਹੈ। ਸਭ ਤੋਂ ਪਹਿਲਾਂ ਸਾਨੂੰ ਆਪਣੇ ਆਪ ਨੂੰ ਸਮਝਣਾ ਪਵੇਗਾ। ਸਾਨੂੰ ਇਹ ਸਵੀਕਾਰ ਕਰਨਾ ਪਵੇਗਾ ਕਿ ਡਿਜੀਟਲ ਦੁਨੀਆਂ ਸਾਡੇ ਲਈ ਹੈ, ਅਸੀਂ ਇਸ ਦੇ ਲਈ ਨਹੀਂ। ਸਾਨੂੰ ਆਪਣੇ ਸਮੇਂ ਦਾ ਸੰਤੁਲਨ ਬਣਾਉਣਾ ਪਵੇਗਾ। ਦਿਨ 'ਚ ਕੁੱਝ ਸਮਾਂ ਐਸਾ ਰੱਖਣਾ ਚਾਹੀਦਾ ਹੈ ਜਦੋਂ ਅਸੀਂ ਸਕਰੀਨ ਤੋਂ ਦੂਰ ਰਹੀਏ ਅਤੇ ਆਪਣੇ ਪਰਿਵਾਰ, ਦੋਸਤਾਂ ਅਤੇ ਆਪਣੇ ਆਪ ਨਾਲ ਸਮਾਂ ਬਿਤਾਈਏ। ਬੱਚਿਆਂ ਨੂੰ ਸਿਰਫ਼ ਮੋਬਾਈਲ ਦੇ ਕੇ ਚੁੱਪ ਕਰਵਾਉਣਾ ਹੱਲ ਨਹੀਂ ਹੈ। ਉਨ੍ਹਾਂ ਨੂੰ ਖੇਡਾਂ, ਕਿਤਾਬਾਂ ਅਤੇ ਰਚਨਾਤਮਕ ਗਤੀਵਿਧੀਆਂ

ਵੱਲ ਪ੍ਰੇਰਿਤ ਕਰਨਾ ਚਾਹੀਦਾ ਹੈ। ਮਾਪਿਆਂ ਨੂੰ ਆਪਣੇ ਵਰਤਾਰੇ ਨਾਲ ਉਦਾਹਰਣ ਪੇਸ਼ ਕਰਨੀ ਚਾਹੀਦੀ ਹੈ। ਜੇ ਵੱਡੇ ਹੀ ਖ਼ੁਦ ਹਰ ਵੇਲੇ ਫ਼ੋਨ 'ਤੇ ਲੱਗੇ ਰਹਿਣਗੇ ਤਾਂ ਬੱਚਿਆਂ ਤੋਂ ਵੱਖਰੀ ਉਮੀਦ ਨਹੀਂ ਕੀਤੀ ਜਾ ਸਕਦੀ।

ਸਕੂਲਾਂ ਅਤੇ ਸਮਾਜ ਨੂੰ ਵੀ ਇਸ ਮਸਲੇ 'ਤੇ ਗੰਭੀਰ ਹੋਣ ਦੀ ਲੋੜ ਹੈ। ਜਾਗਰੂਕਤਾ ਮੁਹਿੰਮਾਂ, ਖੇਡਾਂ ਅਤੇ ਸਾਂਝੀਆਂ ਗਤੀਵਿਧੀਆਂ ਰਾਹੀਂ ਲੋਕਾਂ ਨੂੰ ਡਿਜੀਟਲ ਸੰਤੁਲਨ ਬਾਰੇ ਸਿੱਖਿਆ ਦਿੱਤੀ ਜਾ ਸਕਦੀ ਹੈ। ਛੋਟੇ ਛੋਟੇ ਕਦਮ ਜਿਵੇਂ ਕਿ ਸਕਰੀਨ ਟਾਈਮ ਘਟਾਉਣਾ, ਸੌਣ ਤੋਂ ਪਹਿਲਾਂ ਮੋਬਾਈਲ ਤੋਂ ਦੂਰ ਰਹਿਣਾ ਅਤੇ ਪਰਿਵਾਰ ਨਾਲ ਖਾਣਾ ਖਾਂਦੇ ਸਮੇਂ ਫ਼ੋਨ ਨਾ ਵਰਤਣਾ ਵੱਡੇ ਬਦਲਾਅ ਲਿਆ ਸਕਦੇ ਹਨ।

ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਸਕਰੀਨ ਦੀ ਆਦਤ ਖ਼ਾਮੋਸ਼ ਮਹਾਂਮਾਰੀ ਦਾ ਰੂਪ ਧਾਰ ਰਹੀ ਹੈ। ਇਹ ਸਿਰਫ਼ ਸਾਡੇ ਸਰੀਰ ਨੂੰ ਨਹੀਂ, ਸਾਡੇ ਮਨ ਅਤੇ ਰੂਹ ਨੂੰ ਵੀ ਚਿੰਬੜ ਰਹੀ ਹੈ। ਜੇ ਅਸੀਂ ਅੱਜ ਨਾ ਜਾਗੇ ਤਾਂ ਕੱਲ੍ਹ ਸਾਡੇ ਕੋਲ ਨਾ ਰਿਸ਼ਤੇ, ਨਾ ਜਜ਼ਬਾਤ ਅਤੇ ਨਾ ਹੀ ਖ਼ੁਸ਼ੀਆਂ ਬਚਣਗੀਆਂ। ਆਓ, ਸਕਰੀਨ ਦੀ ਦੁਨੀਆਂ ਤੋਂ ਬਾਹਰ ਨਿਕਲ ਕੇ ਅਸਲੀ ਜ਼ਿੰਦਗੀ ਨੂੰ ਮਾਣੀਏ। ਅਸਲੀ ਖੁਸ਼ੀ 'ਲਾਈਕਸ' ਅਤੇ 'ਫਾਲੋਅਰਜ਼' ਵਿੱਚ ਨਹੀਂ, ਸਗੋਂ ਉਨ੍ਹਾਂ ਅਨਮੋਲ ਪਲਾਂ ਵਿੱਚ ਹੁੰਦੀ ਹੈ ਜੋ ਅਸੀਂ ਆਪਣੇ ਪਿਆਰੇ

❋ ❋ ❋ ❋ ❋

ਸ਼ਰਧਾਂਜਲੀ



ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ, ਸੈਣੀ ਭਵਨ ਰੂਪਨਗਰ ਦੇ ਪ੍ਰਧਾਨ ਸ਼੍ਰੀ ਰਾਜਿੰਦਰ ਸੈਣੀ ਜੀ ਦੇ ਮਾਤਾ **ਸ਼੍ਰੀਮਤੀ ਹਾਕਮੀ ਦੇਵੀ** ਪਤਨੀ ਸਵ. ਸ਼੍ਰੀ ਰਾਮ ਸੈਣੀ (ਨੰਬਰਦਾਰ) ਪਿੰਡ ਸਰਥਲੀ ਜ਼ਿਲ੍ਹਾ ਰੂਪਨਗਰ 24 ਅਗਸਤ, 2026 ਨੂੰ 110 ਸਾਲ ਦੀ ਲੰਮੀ ਅਤੇ ਖੁਸ਼ਹਾਲ ਜਿੰਦਗੀ ਭੋਗ ਕੇ ਸਵਰਗਵਾਸ ਹੋ ਗਏ ਹਨ। ਆਪ ਦੇ ਤਿੰਨ ਬੇਟੇ ਅਤੇ ਤਿੰਨ ਧੀਆਂ ਹਨ ਜੋ ਸਮਾਜ ਦੀ ਮਾਣਮੱਤੀ ਸੇਵਾ ਕਰਦਿਆਂ ਆਪਣੇ ਮਾਂਬਾਪ ਦਾ ਨਾਮ ਉੱਚਾ ਕਰ ਰਹੇ ਹਨ। ਆਪ ਨੇ ਪੂਰੀ ਤਨਦੇਹੀ ਨਾਲ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਕੇ ਉਨ੍ਹਾਂ ਨੂੰ ਵਧੀਆ ਜ਼ਿੰਦਗੀ ਜਿਉਣ ਦੇ ਯੋਗ ਬਣਾਇਆ। ਆਪ ਦੇ ਇਸ ਦੁਨੀਆਂ ਤੋਂ ਜਾਣ ਨਾਲ ਪਰਿਵਾਰ ਨੂੰ ਨਾਪੂਰਨਯੋਗ ਘਾਟਾ ਪਿਆ ਹੈ। ਸੈਣੀ ਭਵਨ ਦੇ ਪ੍ਰਬੰਧਕ ਆਪ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕਰਦਿਆਂ ਪਰਿਵਾਰ ਨੂੰ ਪਰਮਾਤਮਾ ਦਾ ਹੁਕਮ ਮੰਨਣ ਦੀ ਬੇਨਤੀ ਕਰਦੇ ਹਨ।

ਮਾਂ ਜਿਹਾ ਘਣਛਾਵਾਂ ਬੂਟਾ
ਮੈਨੂੰ ਕਿੱਧਰੇ ਨਜ਼ਰ ਨਾ ਆਵੇ।
ਇਸ ਬੂਟੇ ਦੀ ਛਾਂ ਘਨੇਰੀ।
ਹਮੇਸ਼ਾਂ ਲੰਬੀਆਂ ਉਮਰਾਂ ਪਵੇ।



ਸੱਚੋ-ਸੱਚ

ਸ਼ਮਿੰਦਰ ਸਿੰਘ ਭੱਕੂਮਾਜਰਾ

ਕੋਈ ਝੂਠ ਦੀ ਛਾਇਆ ਢੂੰਡ ਰਿਹਾ,
ਕੋਈ ਸੱਚ ਲਈ ਤਵੀਆਂ ਸੜਦਾ ਹੈ।
ਕੋਈ ਹਾਰ ਕੇ ਕੁਰਸੀ ਮੱਲ ਬੈਠਾ,
ਕੋਈ ਜਿੱਤ ਕੇ ਜੇਲ੍ਹੀਂ ਸੜਦਾ ਹੈ।
ਕੋਈ ਜ਼ਾਲਮ ਦੇ ਤਲਵੇ ਚੱਟਦਾ ਹੈ,
ਕੋਈ ਸਿਰ ਆਰੇ ਥੱਲੇ ਧਰਦਾ ਹੈ।
ਕੋਈ ਨੀਵਾਂ ਸਿਰ ਕਰ ਜੀ ਲੈਂਦਾ,
ਕੋਈ ਹਿੱਕ ਤਾਣ ਕੇ ਖੜ੍ਹਦਾ ਹੈ।
ਕੋਈ ਮਾਫ਼ੀ ਮੰਗ ਕੇ ਆ ਜਾਂਦਾ,
ਕੋਈ ਹੱਸ ਕੇ ਫਾਂਸੀ ਚੜ੍ਹਦਾ ਹੈ।
ਕੋਈ ਲਾ ਰੰਗ ਲਾਲ ਸ਼ਹੀਦ ਬਣੇ,
ਕੋਈ ਚੁੱਪ ਚਾਪ ਕੌਮ ਲਈ ਮਰਦਾ ਹੈ।
ਕੋਈ ਬਿਪਰ ਵਾਦ ਤੇ ਮਾਣ ਕਰੇ,
ਕੋਈ ਸਿਜਦਾ ਪੰਥ ਨੂੰ ਕਰਦਾ ਹੈ।
ਕੋਈ ਪੂਛ ਘੁਮਾਵੇ ਸੱਤਾ ਲਈ,
ਕੋਈ ਨਵਾਬੀ ਜੁੱਤੀ ਧਰਦਾ ਹੈ।
ਕੋਈ ਮੈਂਬਰੀ ਨੂੰ ਵੱਡੀ ਮੰਨੇ,
ਭੱਕੂ ਮਾਜਰਾ ਖਾਲਸਾ ਰਾਜ ਲਈ ਲੜਦਾ ਹੈ।

❋ ❋ ❋ ❋ ❋

ਮੈਨੂੰ ਕੀ ?

ਗੁਰੂ ਗ੍ਰੰਥ ਦੀ ਪਤਿ ਰੁਲ ਗਈ, ਮੈਨੂੰ ਕੀ ।
ਸਿੱਖੀ ਨਾਲੋਂ ਸਿੱਖ ਟੁੱਟ ਗਏ, ਮੈਨੂੰ ਕੀ ।
ਸਿੱਖਾਂ ਦੀ ਨਸਲਕੁਸ਼ੀ ਹੋ ਗਈ, ਮੈਨੂੰ ਕੀ ।
ਪੰਜਾਬ ਦੀ ਦੌਲਤ ਲੁੱਟ ਗਈ, ਮੈਨੂੰ ਕੀ ।
ਨਸ਼ਿਆਂ ਵਿੱਚ ਜਵਾਨੀ ਰੁਲ ਗਈ, ਮੈਨੂੰ ਕੀ ।
ਰਾਜ ਸੱਤਾ ਦੇ ਲਾਲਚਵਸ ਡੇਰੇਦਾਰ,
ਪਾਖੰਡੀ ਰਲ਼ ਗਏ, ਮੈਨੂੰ ਕੀ ।



Balbir Singh
Saini Bhawan
Rupnagar

Donors for Scholarships, 2026-27
by Saini Charitable Education Trust Saini Bhawan Rupngar

A.For Regular Scholarships-

1. S. Baldev Singh Mundra, Mumbai= Rs.67,00000/
2. Lt. Col. G.R.Saini, Hoshiarpur = Rs.20,00000/
3. S. Hardev Singh, Nuhon (USA)= Rs.11,00000/
4. S. Gurmukh Singh Saini X-M .C Rupnagar=Rs.7,02000/
5. S. Sowaran Singh, Ludhiana=Rs.4,51000/
6. Dr. Rajwant Singh, Mohali= Rs.4,00000/
7. S. Tekpal Singh, Faridabad= Rs.3,32000/
8. Late Sh. Lekh Raj Mundra, Rupnagar=Rs.3,00000/
9. Dr.Bhag Singh Bola, Rupnagar= Rs.2,50000/
10. Mrs. Maninder Kaur, Rupnagar= Rs.2,50000/
11. Mrs. Baldev Chaudhary, Rupngar= Rs.2,10000/
12. Late Mrs. Rajinder Kaur Mohali=Rs.2,00000/
13. s. Gurinder Singh Rana, Mohali=Rs.2,00000/
14. S. Balbir Singh Saini, Rupnagar=Rs.2,00000/
15. S. Charanjit Singh Tamber, Rupnagar=Rs.2,00000/
16. s.Gurinder Singh Toni, Rupnagar=Rs, 2,00000/
17. Mrs.Gurjinder Kaur, Hoshiarpur=Rs. 1,75000/
18. S. Ujjal Singh Dosanjh, Canada=Rs.1,50000/
19. Ft.Lt. Tarlochan Singh ,Mohali=Rs.1,31000/
20. Mrs. Harbans Kaur, Bhopal= Rs.1,25500/
21. Mrs. Ranjit Kaur d/o S. Mohinder Singh=Rs.1,22000/
22. Late B.R. Tamber, New Delhi=Rs.1,20000/
23. Tekedar Charan Singh, Mohali=1,03,000/-
24. Dr. Jaswant Kaur, Rupnagar= 1,00000/-
25. Thekedar Gurmit Singh Jatana= 1,00000/-

For Casual Scholarships-

1. Smt Davinder Kaur Kaloti,# Guru Nanak Ave. Hoshiarpur= Rs. 40000/
2. S. Tekpal Singh, Faridabad=Rs.30000/
3. S.Tejindermeet Singh, Pune=Rs.25000/
4. Dr. Harcharan Dass Sair, Gobind Valley Rupnagar= Rs. 21000/
5. Sh. Vinayak Saini Chairman, PPSC= Rs.20000/
6. S. Balbir Singh Saini # Zorawar Singh Nagar Rupnagar = Rs17000/
7. Er. Didar Singh, Gaushala Road, Rupnagar= Rs.15000/
8. Inner Wheel Club Rupnagar= Rs 15000
9. S. Sarabjit Singh S/o S. Baldev Singh Chamak, Kharar. Rs. 12000/-
10. S. Gursharan Singh, Gobind Valley, Rupnagar Rs. 12000/-
11. S.Harnek Singh, Kotla Nihang= Rs. 11000/
12. Smt. Chander Kanta, Rupnagar= 11000/
13. Annonmous = Rs. 10000/
14. Mrs. Kirpal Kaur # 187, Sun City Rupnagar= Rs.10000/
15. Sh. Amit Saini # 87, G.Z.S. Nagar Rupnagar= Rs.10000/
16. Rajinder Singh Nanuan, President Saini Bhawan, Rupnagar = Rs. 10000/-
17. S. Avtar Singh Longia, G.Z.S Nagar Rupnagar= Rs. 8500/
18. Mrs. Harminder Kaur # 21, Ranjit Ave. Rupnagar= Rs.6000/
19. S. Jagdev Singh Panghlia, Mohali= Rs.5000/
20. Flt.Lt Tarlochan Singh, Mohali= Rs.5000/
21. S. Kulbir Singh Bhogal, Haveli Kalan= Rs.5000/

ਕਹਾਣੀ

ਧੁੰਦ 'ਚ ਲੋਅ

ਚਰਨਜੀਤ ਸਿੰਘ ਕਤਰਾ
ਸਹੌੜਾਂ (ਮੋਹਾਲੀ)



ਛਿੰਦੇ ਆਪਣੇ ਬਿਸਤਰੇ ਵਿੱਚੋਂ ਉੱਠੀ, ਜ਼ਿੰਦਗੀ ਔਰ ਮੌਤ ਵਿਚਕਾਰ ਖਲੋਤੀ, ਆਲੇਦੁਆਲੇ ਘਰ ਦੇ ਨਿਗ੍ਹਾ ਮਾਰਦੀ, ਕਿਸੇ ਘਰ ਵਾਲੇ ਮੈਂਬਰ ਨੂੰ ਜਾਗਦਾ ਨਾ ਹੋਵੇ ਦੇਖਦੀ, ਦੱਬੇ ਪੈਰੀਂ ਘਰ ਤੋਂ ਬਾਹਰ ਨਿਕਲ ਗਈ। ਬਾਹਰ ਰਾਤ ਸੁੰਨ-ਮਸਾਨ ਕਬਰਾਂ ਵਾਂਗੂੰ ਚੁੱਪ ਸੀ। ਬਹੁਤ ਗੂੜ੍ਹੇ ਹਨ੍ਹੇਰੇ ਨੂੰ ਚੀਰਦੀ ਉਹ ਤੁਰੀ ਜਾ ਰਹੀ ਸੀ।

ਕੀ ਹੈ ਜ਼ਿੰਦਗੀ, ਕੁੱਤਿਆਂ ਕਮੀਨਿਆਂ ਵਾਂਗ ਦੁਰਕਾਰੀ ਜਾਣ ਵਾਲੀ। ਅਜਿਹੀ ਜ਼ਿੰਦਗੀ ਤੋਂ ਮਰਨਾ ਸੌ ਦਰਜੇ ਚੰਗਾ। ਉਹ ਸੋਚਦੀ ਬਾਹਰ ਖੇਤਾਂ ਵਾਲੀ ਪਗਡੰਡੀ ਪੈ ਗਈ। ਰੱਬਾ ਇੱਥੇ ਕੀ ਇਨਸਾਫ਼ ਹੈ? ਕੀ ਨਿਆਂ ਹੈ? ਪਿਆਰ-ਮੁਹੱਬਤ ਕਰਨਾ ਕੋਈ ਜ਼ੁਰਮ ਹੈ, ਗੁਨਾਹ ਹੈ? ਤੂੰ ਵੀ ਤਾਂ ਸਭ ਨੂੰ ਪਿਆਰ ਕਰਨ ਦਾ ਪਾਠ ਪੜ੍ਹਾਉਂਦਾ ਏਂ। ਤੇ ਜੇ ਮੈਂ ਪਿਆਰ ਕਰਨ ਲਗ ਪਈ ਤਾਂ ਕੀ ਆਫ਼ਤ ਆ ਗਈ। ਬਸ ਹੁਣ ਮੌਤ ਹੀ ਮੈਨੂੰ ਤੇ ਮੇਰੇ ਬਾਪੂ ਨੂੰ ਸ਼ਾਂਤੀ ਦੁਆ ਸਕਦੀ ਐ। ਸਭ ਦੁੱਖਾਂ ਤੇ ਗ਼ਮਾਂ ਤੋਂ ਲਾਂਭੇ ਕਰ ਸਕਦੀ ਹੈ। ਛਿੰਦੋ ਆਪਣੇ ਆਪ ਨੂੰ ਤੇ ਰੱਬ ਨੂੰ ਕੋਸਦੀ ਤੁਰੀ ਜਾ ਰਹੀ ਸੀ।

ਮੌਤ ਕਿੰਨੀ ਚੰਗੀ ਹੋਵੇਗੀ, ਨਾ ਰੋਜ਼ ਬਾਪੂ ਦੀਆਂ ਝਿੜਕਾਂ, ਨਾ ਖੱਪ ਖੱਪ ਤੇ ਨਾ ਮਾਂ ਦੀਆਂ ਨਸੀਹਤਾਂ। ਨਾ ਹੀ ਪਿਆਰੇ ਜੱਗੀ ਨੂੰ ਨਾ ਮਿਲਣ ਦਾ ਗ਼ਮ ਤੇ ਨਾ ਹੀ ਮਿਲਣ ਦੀ ਚਿੰਤਾ। ਸਭ ਪਰੇਸ਼ਾਨੀਆਂ ਤੋਂ ਨਿਜ਼ਾਤ। ਉਹ ਅੱਜ ਸਾਰੇ ਸ਼ਿਕਵੇ ਸ਼ਿਕਾਇਤਾਂ ਦੁੱਖ ਤਕਲੀਫ਼ਾਂ ਦਾ ਜ਼ਹਿਰ ਪੀ ਜਾਣਾ ਚਾਹੁੰਦੀ ਸੀ। ਜ਼ਿੰਦਗੀ ਦੇ ਸਾਰੇ ਗ਼ਮਾਂ ਨੂੰ ਮੌਤ ਦੇ ਪੱਲੇ ਨਾਲ ਬੰਨ੍ਹ ਪਰ੍ਹੇ ਸੁੱਟ ਦੇਣਾ ਚਾਹੁੰਦੀ ਸੀ।

ਉਹ ਸੋਚਦੀ ਸੋਚਦੀ ਕਦੇ ਕਦਮ ਤੇਜ਼ ਕਰ ਲੈਂਦੀ ਕਦੇ ਤੋਰ ਹੌਲੀ ਕਰ ਲੈਂਦੀ, ਕਦੇ ਉਸ ਨੂੰ ਭੁਲੇਖਾ ਪੈਂਦਾ ਜਿਵੇਂ ਕੋਈ ਪਿੱਛੇ ਆ ਰਿਹਾ ਹੈ, ਉਹ ਪਿੱਛੇ ਮੁੜ ਮੁੜ ਦੇਖਦੀ, ਆਲੇਦੁਆਲੇ ਵੀ ਗ਼ੌਰ ਰਖਦੀ ਤੁਰੀ ਜਾ ਰਹੀ ਸੀ। ਛਿੰਦੋ ਬਾਪੂ ਬਾਰੇ ਸੋਚਦੀ, ਕੀ ਐ ਮੇਰਾ ਬਾਪੂ ਵੀ, ਇੱਕ ਜਾਹਲ ਗੁੱਸੇ ਦੀ ਲਾਟ। ਉਹ ਪਹਿਲਾਂ ਤਾਂ ਝਿੜਕਾਂ ਮਾਰ ਕੇ ਛੱਡ ਦਿੰਦਾ ਸੀ। ਮਾਂ ਨੂੰ ਗੁੱਸੇ ਹੁੰਦਾ, ਮੇਰੇ 'ਤੇ ਨਜ਼ਰ ਰੱਖਣ ਲਈ ਕਹਿੰਦਾ ਰਹਿੰਦਾ ਪਰ ਅੱਜ ਤਾਂ ਮੈਨੂੰ ਬਿਨਾਂ ਕਸੂਰ ਤੋਂ ਹੀ ਭੰਨ ਸੁੱਟਿਆ। ਮੈਂ ਤਾਂ ਅੱਜ ਘਰ ਤੋਂ ਗਈ ਹੀ ਨਹੀਂ ਸੀ ਕਿੱਧਰੇ, ਜੱਗੀ ਤਾਂ ਕਈ ਦਿਨਾਂ ਤੋਂ ਰਿਸ਼ਤੇਦਾਰੀ ਵਿੱਚ ਗਿਆ ਹੋਇਆ। ਪਤਾ ਨੀ ਕੀ ਹੋਇਆ ਬਸ ਬਾਹਰੋਂ ਆ ਮੈਨੂੰ ਗੁੱਤ ਤੋਂ ਫੜ ਲਿਆ। ਮਾਂ ਨੇ ਬਥੇਰਾ ਰੋਕਿਆ ਤਾਂ ਉਸ ਨੂੰ ਵੀ ਝੰਬ ਸੁੱਟਿਆ।

ਰੱਬਾ, ਬਾਪੂ ਨੂੰ ਕੀ ਪਤਾ ਪਿਆਰ-ਮੁਹੱਬਤ ਕੀ ਹੁੰਦੀ ਐ। ਉਸ ਨੂੰ ਕੀ ਪਤਾ ਦਿਲ ਆਪਣੇ ਪਿਆਰੇ ਦੇ ਵਿਛੋੜੇ ਵਿੱਚ ਕਿਵੇਂ ਤੜਫ਼ਦਾ ਹੈ, ਕਿਵੇਂ ਵਿਲਕਦਾ ਹੈ। ਜੇ ਉਸ ਨੇ ਕਦੇ ਕਿਸੇ ਨੂੰ ਪਿਆਰ ਕੀਤਾ ਹੁੰਦਾ ਤਾਂ ਉਸ ਨੂੰ ਪਤਾ ਹੁੰਦਾ, ਉਸ ਨੇ ਤਾਂ ਕਦੇ ਮਾਂ ਨੂੰ ਵੀ ਪਿਆਰ ਨੀ ਕੀਤਾ। ਉਸ ਦੇ ਮੂੰਹੋਂ ਹਰ ਵੇਲੇ ਅੱਗ ਨਿਕਲਦੀ ਹੈ। ਬਾਪੂ ਕਾਸ਼ ਤੂੰ ਮੈਨੂੰ ਸਮਝ ਸਕਦਾ, ਮੇਰੀ ਹਾਲਤ ਦਾ ਤੈਨੂੰ ਗਿਆਨ ਹੁੰਦਾ, ਮੈਂ ਇਸ ਤਰ੍ਹਾਂ ਭਟਕਦੀ ਨਾ, ਮੌਤ ਨੂੰ ਸਾਥੀ ਬਣਾਉਣਾ ਨਾ ਲੋਚਦੀ। ਪਰ ਹੁਣ ਤਾਂ ਬਾਪੂ.....। ਉਸ ਨੂੰ ਰੇਲਗੱਡੀ ਦੀ ਆਵਾਜ਼ ਸੁਣਾਈ ਦਿੱਤੀ। ਹੈਂ ਇਹ ਗੱਡੀ ਵੀ ਮੈਨੂੰ ਧੋਖਾ ਦੇ ਗਈ। ਇਹ ਹੋਰ ਥੋੜ੍ਹਾ ਜਿਹਾ ਲੇਟ ਨਹੀਂ ਸੀ ਆ ਸਕਦੀ। ਚਲੋ ਘੰਟੇ ਕੁ ਤੱਕ ਮਾਲ ਗੱਡੀ ਆਜੂ, ਉਦੋਂ ਤੱਕ ਇੰਤਜ਼ਾਰ ਕਰਨਾ ਪਊ ਪਰ ਜ਼ਰੂਰੀ ਤਾਂ ਨੀ ਗੱਡੀ ਦੀ ਹੀ ਉਡੀਕ ਕਰਾਂ, ਔਹ ਤਾਨੀ ਦਾ ਖੂਹ ਸਾਹਮਣੇ....। ਚਲੋ ਮੌਤ ਨੂੰ ਹੀ ਮਿਲਣਾ, ਖੂਹ ਹੀ ਸੀ, ਨਾਲੇ ਜਿੰਨਾ ਛੇਤੀ ਕੰਮ ਹੋ ਜਾਏ ਓਨਾ ਠੀਕ ਐ ਤੇ ਛਿੰਦੋ ਖੂਹ ਵੱਲ ਤੁਰ ਪਈ।

ਕੱਲ੍ਹ ਨੂੰ ਰੌਲ਼ਾ ਪੈ ਜਾਣਾ ਸਭ ਪਾਸੇ ਖੱਬਿਆਂ ਦੀ ਧੀ ਛਿੰਦੋ ਨੇ ਖੂਹ 'ਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ। ਜਿਵੇਂ ਜਗੀਰੇ ਦੀ ਧੀ ਪ੍ਰੀਤੋ ਦਰਜੀਆਂ ਦੇ ਮੁੰਡੇ ਨਾਲ ਭੱਜਣ 'ਤੇ ਰੌਲ਼ਾ ਪਿਆ ਤੀ। ਬਹੁਤ ਬੂ-ਬੂ ਹੋਈ ਤੀ ਜਗੀਰੇ ਦੀ। ਜਗੀਰੇ ਨੇ ਧੀ ਨੂੰ ਲੱਭਣ ਲਈ ਬਹੁਤ ਨੱਠ-ਭੱਜ ਕੀਤੀ ਸੀ ਪਰ ਧੀ ਤਾਂ ਨਹੀਂ ਸੀ ਮਿਲੀ। ਨਮੋਸ਼ੀ ਦੇ ਮਾਰੇ ਜਗੀਰੇ ਦੀ ਲਾਸ਼ ਨਹਿਰ 'ਚੋਂ ਮਿਲੀ ਤੀ। ਇਹ ਸਭ ਕੁੱਝ ਦੇਖ ਕੇ ਜਗੀਰੇ ਦੀ ਘਰਵਾਲੀ ਪਾਗ਼ਲ ਹੋ ਗਈ ਤੀ। ਕਦੇ ਰੋਣ ਲਗ ਜਾਂਦੀ, ਕਦੇ ਹੱਸਣ ਲਗਦੀ। ਬੱਚੇ ਪਾਗ਼ਲ-ਪਾਗ਼ਲ ਕਹਿ ਕੇ ਉਸ ਦੇ ਮਗਰ ਭੱਜਦੇ, ਉਹ ਵੀ ਬੱਚਿਆਂ ਦੇ ਪਿੱਛੇ ਪੈ ਜਾਂਦੀ, ਕਦੇ ਹੱਸਦੀ ਕਦੇ ਰੋਂਦੀ। ਛਿੰਦੋ ਇਹ ਸੋਚਦੀ ਖੂਹ ਕੋਲ ਪਹੁੰਚ ਗਈ, ਐਧਰ-ਓਧਰ ਵੇਖਿਆ ਕੋਈ ਨਹੀਂ ਸੀ ਤੇ ਉਹ ਮੌਣ 'ਤੇ ਖੜ੍ਹ ਖੂਹ 'ਚ ਵੇਖਣ ਲੱਗੀ। ਪਾਣੀ ਸ਼ਾਂਤ ਸੀ, ਉਹ ਛਾਲ ਮਾਰਨ ਹੀ ਲੱਗੀ ਸੀ ਕਿ ਪਾਣੀ ਵਿੱਚ ਉਸ ਨੂੰ ਆਪਣੀ ਮਾਂ ਦਾ ਚਿਹਰਾ ਦਿਸਿਆ, ਕੱਪੜੇ ਪਾਟੇ ਹੋਏ, ਵਾਲ ਖਿਲਰੇ ਹੋਏ, ਉਹ ਪਾਗਲਾਂ ਵਾਂਗ ਭੱਜੀ ਫਿਰਦੀ ਸੀ, ਬੱਚੇ ਪਾਗ਼ਲ-ਪਾਗ਼ਲ ਕਹਿ ਕੇ ਪਿੱਛੇ ਦੌੜਦੇ। ਛਿੰਦੋ ਦੇਖ ਕੇ ਸੁੰਨ ਹੋ ਗਈ ਕਿ ਜੇਕਰ ਵਿਚਾਰੀ ਮਾਂ ਇੰਝ ਹੀ ਹੋ ਗਈ, ਬਾਪੂ ਲੋਕਾਂ ਦੀਆਂ ਗੱਲਾਂ ਨਾ ਸਹਾਰਦਾ ਲਾਸ਼ ਬਣ ਗਿਆ। ਮੇਰੀ ਭੈਣ, ਛੋਟਾ ਭਰਾ...। ਇਹ ਸੋਚ ਛਿੰਦੋ ਕੰਬ ਗਈ ਤੇ ਮੌਣ ਤੋਂ ਉੱਤਰ ਸੋਚਣ ਲੱਗੀ ਕਿ ਮੈਂ ਕਿਤੇ ਗ਼ਲਤੀ ਤਾਂ ਨੀ ਕਰਨ ਲੱਗੀ। ਹਾਂ, ਮੈਨੂੰ ਇੰਝ ਨਹੀਂ ਕਰਨਾ ਚਾਹੀਦਾ, ਨਹੀਂ ਮੈਂ ਮਰਾਂਗੀ ਨਹੀਂ। ਪਿਆਰ ਪਿੱਛੇ ਆਪਣੇ ਪਰਿਵਾਰ ਦੀ ਇੱਜ਼ਤ...। ਛਿੰਦੋ ਭਾਵੁਕ ਹੋ ਇਹ ਸੋਚਦੀ ਹੋਈ ਛੇਤੀ ਨਾਲ ਘਰ ਨੂੰ ਮੁੜ ਗਈ।

❋ ❋ ❋ ❋ ❋



ਸੈਣੀ ਬਰਾਦਰੀ ਦੇ ਮਾਣਮੱਤੇ ਨੌਜਵਾਨ

ਡਾ. ਜਸਵੰਤ ਕੌਰ
ਸੈਣੀ ਭਵਨ ਰੂਪਨਗਰ

ਕੈਨੇਡੀਅਨ ਪੁਲਿਸ ਅਧਿਕਾਰੀ ਜਸਲੀਨ ਕੌਰ

ਜ਼ਿਲ੍ਹਾ ਰੂਪਨਗਰ ਦੇ ਪਿੰਡ ਖੇੜੀ ਸਲਾਬਤਪੁਰ ਦੀ ਕੈਨੇਡਾ ਦੇ ਸ਼ਹਿਰ ਵਿਕਟੋਰੀਆ ਵਿੱਚ ਰਹਿੰਦੀ ਜਸਲੀਨ ਕੌਰ ਸੈਣੀ ਨੇ ਵਿਦੇਸ਼ੀ ਪੁਲਿਸ ਵਿੱਚ ਅਧਿਕਾਰੀ ਨਿਯੁਕਤ ਹੋ ਕੇ ਸੈਣੀ ਬਰਾਦਰੀ, ਇਲਾਕੇ ਅਤੇ ਪਿੰਡ ਦਾ ਨਾਂ ਰੌਸ਼ਨ ਕੀਤਾ ਹੈ। ਸ.ਸੁਰਿੰਦਰ ਸਿੰਘ ਦੀ ਇਹ ਹੋਣਹਾਰ ਬੇਟੀ ਜਨਵਰੀ, 2019 ਵਿੱਚ ਪੰਜਾਬ ਤੋਂ ਸਕੂਲੀ ਸਿੱਖਿਆ ਹਾਸਲ ਕਰ ਕੇ ਹੋਰ ਉੱਚੀ ਪੜ੍ਹਾਈ ਕਰਨ ਲਈ ਕੈਨੇਡਾ ਦੇ ਸੂਬਾ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਵਿਕਟੋਰੀਆ ਚਲੇ ਗਈ ਸੀ। ਉਸ ਨੇ ਸਖ਼ਤ ਮਿਹਨਤ ਸਦਕਾ ਵਧੀਆ ਅੰਕਾਂ ਨਾਲ ਤਕਨੀਨੀ ਸਿੱਖਿਆ ਹਾਸਲ ਕੀਤੀ ਹੀ ਉਸ ਦੇਸ਼ ਦੀ ਪੱਕੀ ਵਸਨੀਕ ਬਣ ਗਈ। ਉਸ ਨੇ ਆਪਣੀ ਯੋਗਤਾ ਨਾਲ ਵਧੀਆ ਨੌਕਰੀ ਹਾਸਲ ਕਰਨ ਲਈ ਵਿਕਟੋਰੀਆ ਪੁਲਿਸ ਵਿਭਾਗ ਵਿੱਚ ਅਧਿਕਾਰੀ ਦੀ ਭਰਤੀ ਲਈ ਬਿਨੈਪੱਤਰ ਭੇਜ ਦਿੱਤਾ। ਇਸ ਉਪਰੰਤ ਕਠਿਨ ਸਰੀਰਿਕ ਤੇ ਲਿਖਤੀ ਪ੍ਰੀਖਿਆ ਅਤੇ ਇੰਟਰਵਿਊ ਨੂੰ ਸਫ਼ਲਤਾਪੂਰਬਕ ਪਾਰ ਕਰ ਕੇ ਉਸ ਨੇ ਪੁਲਿਸ ਅਧਿਕਾਰੀ ਚੁਣੇ ਜਾਣ ਵਿੱਚ ਕਾਮਯਾਬੀ ਹਾਸਲ ਕਰ ਲਈ। ਜਸਲੀਨ ਕੌਰ ਦੀ ਇਸ ਪ੍ਰਾਪਤੀ ਤੋਂ ਸਾਰੇ ਪਿੰਡਵਾਸੀ ਬਾਗੋਬਾਗ ਹਨ। ਬਰਾਦਰੀ ਦੀ ਇਸ ਹੋਣਹਾਰ ਧੀ ਨੇ ਵਿਦੇਸ਼ਾਂ ਵਿੱਚ ਮਾਣਯੋਗ ਮੱਲ ਮਾਰ ਕੇ ਪੰਜਾਬ ਦੀ ਸ਼ਾਨ ਵਧਾਈ ਹੈ। ਸਾਰੀ ਸੈਣੀ ਬਰਾਦਰੀ ਨੂੰ ਇਸ 'ਤੇ ਮਾਣ ਹੈ।



ਅੰਤਰਰਾਸ਼ਟਰੀ ਨਿਸ਼ਾਨੇਬਾਜ਼ ਅਰਸ਼ਦੀਪ ਕੌਰ

ਰੂਪਨਗਰ ਸ਼ਹਿਰ ਦੀ ਬਗਲ ਵਿੱਚ ਸਥਿਤ ਪਿੰਡ ਗੁਰਦਾਸਪੁਰਾ ਦੀ ਹੋਣਹਾਰ ਬੇਟੀ ਅਰਸ਼ਦੀਪ ਕੌਰ ਨੇ ਮਈ, 2026 ਵਿੱਚ ਜਰਮਨੀ ਦੇ ਸ਼ਹਿਰ ਮਿਊਨਿਖ ਵਿੱਖੇ ਆਯੋਜਿਤ ਵਿਸ਼ਵ ਸ਼ੂਟਿੰਗ ਚੈਂਪੀਅਨਸ਼ਿਪ ਵਿੱਚ ਭਾਰਤ ਦੇਸ਼ ਦੀ ਪ੍ਰਤਿਨਿਧਤਾ ਕਰ ਕੇ ਸੈਣੀ ਬਰਾਦਰੀ ਅਤੇ ਆਪਣੇ ਪਰਿਵਾਰ ਦਾ ਨਾਮ ਉੱਚਾ ਕੀਤਾ ਹੈ। ਸ. ਜਸਵਿੰਦਰ ਸਿੰਘ ਅਤੇ ਮਾਤਾ ਸਰਬਜੀਤ ਕੌਰ ਦੇ ਸੈਣੀ ਪਰਿਵਾਰ ਵਿੱਚ 1 ਅਗਸਤ, 2003 ਨੂੰ ਜਨਮੀ ਅਰਸ਼ਦੀਪ ਕੌਰ ਨੇ ਦਸਵੀਂ ਦੀ ਪੜ੍ਹਾਈ ਸ਼ਿਵਾਲਿਕ ਪਬਲਿਕ ਸਕੂਲ ਤੋਂ ਅਤੇ ਬਾਹ੍ਰਵੀਂ ਜਮਾਤ ਸਰਕਾਰੀ ਸੀਨੀ. ਸੈਕੰ. ਸਕੂਲ ਝੱਲੀਆਂ ਕਲਾਂ ਤੋਂ ਹਾਸਲ ਕੀਤੀ। ਉਸ ਨੇ 2017 ਵਿੱਚ ਹੀ ਸਕੂਲ ਪੱਧਰ ਤੋਂ ਨਿਸ਼ਾਨੇਬਾਜ਼ੀ ਮੁਕਾਬਲਿਆਂ ਵਿੱਚ ਭਾਗ ਲੈਣਾ ਸ਼ੁਰੂ ਕਰ ਦਿੱਤਾ ਜਿਸ ਸਦਕਾ ਉਸ ਨੇ ਜ਼ਿਲ੍ਹਾ, ਪੰਜਾਬ ਅਤੇ ਰਾਸ਼ਟਰੀ ਪੱਧਰ 'ਤੇ ਕਈ ਤਮਗੇ ਹਾਸਲ ਕੀਤੇ। ਉਸ ਨੇ ਬੀ.ਪੀ.ਐਡ ਦੀ ਡਿਗਰੀ ਹਾਸਲ ਲੈਣ ਲਈ ਸ਼ਹੀਦ ਕਾਂਸੀ ਰਾਮ ਸਰੀਰਿਕ ਕਾਲਜ ਭਾਗੋ ਮਾਜਰਾ ਵਿੱਚ ਦਾਖਲਾ ਲੈ ਲਿਆ ਅਤੇ ਸਪੋਰਟਸ ਯੂਨੀਵਰਸਿਟੀ ਪਟਿਆਲਾ ਵਿੱਚ ਨਿਸ਼ਾਨੇਬਾਜ਼ੀ ਦੀ ਪ੍ਰੈਕਟਿਸ ਕਰਨ ਲਗ ਪਈ। ਉਹ 2022 ਵਿੱਚ ਕੇਂਦਰ ਸਰਕਾਰ ਦੀ ਖੇਡੋ ਇੰਡੀਆ ਸਕੀਮ ਅਧੀਨ ਚੁਣੀ ਗਈ ਜਿਸ ਸਦਕਾ ਉਸ ਨੇ ਕਈ ਇਨਾਮ ਹਾਸਲ ਕੀਤੇ। ਉਸ ਨੇ ਸੰਨ 2024 ਵਿੱਚ ਡਾ. ਕਰਨੀ ਸਿੰਘ ਸ਼ੂਟਿੰਗ ਰੇਂਜ ਨਵੀਂ ਦਿੱਲੀ ਵਿਖੇ ਆਯੋਜਿਤ ਵਿਸ਼ਵ ਯੂਨੀਵਰਸਿਟੀ ਚੈਂਪੀਅਨਸ਼ਿਪ ਵਿੱਚ ਦੋ ਸੋਨੇ ਦੇ ਅਤੇ ਇੱਕ ਕਾਸੀ ਦਾ ਤਮਗਾ ਹਾਸਲ ਕੀਤਾ। ਹੁਣ ਉਹ ਖੇਲੋ ਇੰਡੀਆ ਸਕੀਮ ਤਹਿਤ ਓਲੰਪਿਕਸ ਲਈ ਭਾਰਤੀ ਸ਼ੂਟਿੰਗ ਸਕੁਐਡ ਵਿੱਚ ਚੁਣੀ ਗਈ ਹੈ ਅਤੇ ਨਵੀਂ ਦਿੱਲੀ ਵਿਖੇ ਵਿਸ਼ੇਸ਼ ਟਰੇਨਿੰਗ ਹਾਸਲ ਕਰ ਰਹੀ ਹੈ। ਮਈ, 2026 ਵਿੱਚ ਉਸ ਨੂੰ ਪੰਜਾਬ ਦੇ ਮੁੱਖ ਮੰਤਰੀ ਵਲੋਂ ਸਨਮਾਨਿਤ ਕੀਤਾ ਗਿਆ ਹੈ। ਅਰਸ਼ਦੀਪ ਕੌਰ ਪਾਸੋਂ ਦੇਸ਼, ਪ੍ਰਾਂਤ, ਬਰਾਦਰੀ ਅਤੇ ਪਰਿਵਾਰ ਨੂੰ ਬਹੁਤ ਉਮੀਦਾਂ ਹਨ।



ਅੰਤਰਰਾਸ਼ਟਰੀ ਕ੍ਰਿਕਟ ਖਿਡਾਰਨ ਸੁਰਪ੍ਰੀਤ ਕੌਰ

ਕੈਨੇਡਾ ਦੇ ਕੈਲਗਰੀ ਸ਼ਹਿਰ ਦੀ ਵਸਨੀਕ 12 ਸਾਲ ਦੀ ਸੁਰਪ੍ਰੀਤ ਕੌਰ ਨੇ ਅਲਬਰਟਾ ਸੂਬੇ ਦੀ ਮਹਿਲਾ ਅੰਡਰ-19 ਕ੍ਰਿਕਟ ਟੀਮ ਵਿੱਚ ਸਥਾਨ ਹਾਸਲ ਕਰ ਕੇ ਆਪਣੇ ਪਰਿਵਾਰ ਅਤੇ ਬਰਾਦਰੀ ਦਾ ਨਾਮ ਉੱਚਾ ਕੀਤਾ ਹੈ। ਉਹ ਪਹਿਲੀ ਸਤੰਬਰ, 2026 ਤੋਂ ਟੋਰਾਂਟੋ ਵਿੱਚ ਹੋਣ ਵਾਲੀ ਚੈਂਪੀਅਨਸ਼ਿਪ ਸਮੇਂ ਅਲਬਰਟਾ ਸਟੇਟ ਟੀਮ ਦੀ ਅਗਵਾਈ ਕਰੇਗੀ। ਹੁਸ਼ਿਆਰਪੁਰ ਸ਼ਹਿਰ ਦੇ ਸ. ਕੁਲਵੀਰ ਸਿੰਘ ਅਤੇ ਮਨਪ੍ਰੀਤ ਕੌਰ ਦੇ ਸੈਣੀ ਪਰਿਵਾਰ ਦੀ ਇਸ ਬਾਲੜੀ ਨੇ ਹੁਸ਼ਿਆਰਪੁਰ ਦੀ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਤੋਂ ਆਪਣੀ ਖੇਡ ਦੀ ਸੁਰੂਆਤ ਕੀਤੀ ਅਤੇ ਅਕਤੂਬਰ, 2024 ਵਿੱਚ ਆਪਣੇ ਮਾਤਾ-ਪਿਤਾ ਨਾਲ ਕੈਨੇਡਾ ਚਲੇ ਗਈ। ਉਸ ਨੇ ਆਪਣੀ ਖੇਡ ਜਾਰੀ ਰੱਖੀ ਅਤੇ 2025 ਵਿੱਚ ਅਲਬਰਟਾ ਸੂਬੇ ਦੀ ਯੂ-19 ਕ੍ਰਿਕਟ ਟੀਮ ਦੀ ਕਪਤਾਨੀ ਕਰਦਿਆਂ ਟੀਮ ਨੂੰ ਪਹਿਲਾ ਸਥਾਨ ਹਾਸਲ ਕਰਵਾਇਆ। ਫਿਰ ਉਸ ਨੂੰ ਐਲਬਰਟਾ ਦੀ ਓਪਨ ਵਰਗ ਟੀਮ ਵਿੱਚ ਚੁਣ ਲਿਆ ਗਿਆ ਜਿਸ ਵਿੱਚ

ਖੇਡਦਿਆਂ ਉਸ ਨੇ ਟੀਮ ਨੂੰ ਦੂਸਰਾ ਸਥਾਨ ਦਿਵਾਇਆ। ਇਸ ਪ੍ਰਕਾਰ ਸੁਰਪ੍ਰੀਤ ਨੇ ਕੈਨੇਡਾ ਵਿੱਚ ਪਹਿਲੇ ਸਾਲ ਦੌਰਾਨ ਹੀ ਦੋ ਨੈਸ਼ਨਲ ਟੂਰਨਾਮੇਂਟ ਖੇਡੇ। ਇਸ ਤੋਂ ਇਲਾਵਾ ਉਹ ਕੈਲਗਰੀ ਸ਼ਹਿਰ ਦੀ ਯੂ-19 ਟੀਮ ਦੀ ਕੈਪਟਨ ਹੈ ਅਤੇ ਸ਼ਹਿਰ ਦੇ ਲੀਗ ਮੈਚ ਖੇਡ ਰਹੀ ਹੈ। ਉਹ ਸੱਜੀ ਬਾਂਹ ਨਾਲ ਲੈਗ ਸਪਿੰਨ ਬਾਲ ਕਰਦੀ ਹੈ ਅਤੇ ਸੱਜੇ ਹੱਥ ਨਾਲ ਬੈਟਿੰਗ ਕਰਦੀ ਹੈ। ਸੁਰਪ੍ਰੀਤ ਕੌਰ ਇਸ ਸਮੇਂ 7ਵੀਂ ਜਮਾਤ ਦੀ ਵਿਦਿਆਰਥਣ ਹੈ। ਵਰਣਨਯੋਗ ਹੈ ਕਿ ਉਸ ਦਾ ਨੌਂਵੀਂ ਜਮਾਤ ਵਿੱਚ ਪੜ੍ਹਦਾ ਵੱਡਾ ਭਰਾ ਹਰਵੀਰ ਸਿੰਘ ਵੀ ਕੈਨੇਡਾ ਵਿੱਚ ਕ੍ਰਿਕਟ ਦਾ ਖਿਡਾਰੀ ਹੈ ਜੋ ਐਲਬਰਟਾ ਸੂਬੇ ਦੀ ਯੂ-17 ਕ੍ਰਿਕਟ ਟੀਮ ਵਿੱਚ ਸ਼ਾਮਿਲ ਹੈ। ਸਾਰੀ ਸੈਣੀ ਬਰਾਦਰੀ ਨੂੰ ਆਪਣੀ ਇਸ ਬਾਲੜੀ ਖਿਡਾਰਨ ਤੇ ਮਾਣ ਹੈ।

ਲੈਫਟੀਨੈਂਟ ਹਰਪੁਨੀਤ ਸਿੰਘ



ਰੂਪਨਗਰ ਸ਼ਹਿਰ ਦੇ ਨਜ਼ਦੀਕੀ ਪਿੰਡ ਕਮਾਲਪੁਰ ਦੇ ਜੰਮਪਲ ਅਤੇ ਸ਼ਹਿਰ ਦੀ ਗਿਲਕੋਵੈਲੀ ਦੇ ਵਸਨੀਕ ਪਿਤਾ ਸ. ਸੁਰਮੁਖ ਸਿੰਘ ਪੰਘਲੀਆ ਅਤੇ ਮਾਤਾ ਜਸਵੀਰ ਕੌਰ ਦੇ ਪੁੱਤਰ ਅਤੇ ਇੰਜ. ਦਯਾ ਸਿੰਘ ਦੇ ਦੋਹਤੇ ਹਰਪੁਨੀਤ ਸਿੰਘ ਨੇ ਭਾਰਤੀ ਫੌਜ ਵਿੱਚ ਕਮਿਸ਼ਨ ਹਾਸਲ ਕਰ ਕੇ ਇਲਾਕੇ, ਸੈਣੀ ਬਰਾਦਰੀ ਅਤੇ ਪਰਿਵਾਰ ਦਾ ਨਾਮ ਰੌਸ਼ਨ ਕੀਤਾ ਹੈ। ਉਸ ਨੇ ਮੈਟ੍ਰਿਕ ਪ੍ਰੀਖਿਆ ਰੂਪਨਗਰ ਸ਼ਹਿਰ ਦੇ ਹੋਲੀ ਫੈਮਿਲੀ ਸਕੂਲ ਤੋਂ ਅਤੇ ਬੀ.ਟੈਕ ਦੀ ਡਿਗਰੀ ਚੰਡੀਗੜ੍ਹ ਯੂਨੀਵਰਸਿਟੀ ਤੋਂ ਕਰਨ ਉਪਰੰਤ, ਐਨ.ਡੀ.ਏ ਮੁਕਾਬਲੇ ਦੀ ਪ੍ਰੀਖਿਆ ਪਾਸ ਕਰ ਕੇ ਇਹ ਮਾਣਮੱਤਾ ਅਹੁਦਾ ਹਾਸਲ ਕਰਨ ਵਿੱਚ ਸਫਲਤਾ ਪਾਈ ਹੈ। ਉਹ ਬਚਪਨ ਤੋਂ ਹੀ ਦੇਸ਼ ਦੀ ਸੁਰੱਖਿਆ ਕਰਨ ਦੀ ਚਾਹਤ ਰਖਦਾ ਸੀ। ਉਸ ਨੇ ਪੂਰੀ ਮਿਹਨਤ ਅਤੇ ਸਿਰੜ ਨਾਲ ਇਹ ਅਹੁਦਾ ਹਾਸਲ ਕੀਤਾ ਹੈ। ਇੱਕ ਸਾਲ ਦੀ ਸਿਖਲਾਈ ਹਾਸਲ ਕਰਨ ਉਪਰੰਤ ਆਪਣੇ ਘਰ ਪਹੁੰਚੇ ਹਰਪੁਨੀਤ ਸਿੰਘ ਦੀ ਉਸ ਦੇ ਪਰਿਵਾਰਕ ਮੈਂਬਰਾਂ ਅਤੇ ਪ੍ਰਮੁੱਖ ਇਲਾਕਾ ਨਿਵਾਸੀਆਂ ਨੇ ਪੂਰੇ ਜ਼ੋਸ਼ ਨਾਲ ਉਸ ਦਾ ਸਵਾਗਤ ਕੀਤਾ ਅਤੇ ਸ਼ੁੱਭ ਕਾਮਨਾਵਾਂ ਦਿੱਤੀਆਂ। ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ 8 ਸਤੰਬਰ, 2026 ਨੂੰ ਸੈਣੀ ਭਵਨ ਵਿਖੇ ਹਰਪੁਨੀਤ ਸਿੰਘ ਅਤੇ ਉਸ ਦੇ ਪਰਿਵਾਰ ਦਾ ਸਨਮਾਨ ਕੀਤਾ। ਸੈਣੀ ਬਰਾਦਰੀ ਆਪਣੇ ਇਸ ਨੌਜਵਾਨ ਦੀ ਪ੍ਰਾਪਤੀ 'ਤੇ ਮਾਣ ਕਰਦੀ ਹੈ।

❊ ❊ ❊ ❊ ❊

ਬਾਰਡਰ ਦੀਆਂ ਲਕੀਰਾਂ ਸਿਰਫ਼ ਬੰਦਿਆਂ ਨੂੰ ਰੋਕਣ ਲਈ ਹੀ ਵਾਹੀਆਂ ਜਾਂਦੀਆਂ ਹਨ। ਉਹ ਪੰਛੀਆਂ ਦੀ ਪਰਵਾਜ਼, ਬੱਦਲਾਂ, ਪੌਣਾਂ ਤੇ ਦਰਿਆਵਾਂ ਨੂੰ ਨਹੀਂ ਰੋਕ ਸਕਦੀਆਂ।

ਮਹੀਨਾ, ਜੁਲਾਈ-ਸਤੰਬਰ, 2026 ਦੌਰਾਨ ਸੈਣੀ ਭਵਨ ਦੀ ਮਾਇਕ ਮਦਦ ਕਰਨ ਵਾਲੇ ਦਾਨੀ ਸੱਜਣ

1. ਸ. ਅਜੈਵੀਰ ਸਿੰਘ ਲਾਲਪੁਰਾ, ਜ਼ਿਲ੍ਹਾ ਪ੍ਰਧਾਨ ਬੀ.ਜੇ.ਪੀ= 21000/
2. ਸ਼੍ਰੀ ਰਾਮ ਕੁਮਾਰ ਮੁਕਾਰੀ ਚੇਅਰਮੈਨ ਸੈਣੀ ਭਲਾਈ ਬੋਰਡ ਪੰਜਾਬ= 11000/
3. ਸ. ਨਿਰਮੋਲਕ ਸਿੰਘ, ਮੋਹਾਲੀ= 11000/
4. ਇੰਜ. ਹਰਜੀਤ ਸਿੰਘ ਟਰੱਸਟੀ ਸੈਣੀ ਭਵਨ ਰੂਪਨਗਰ= 11000/
5. ਇੰਜ, ਰਾਜਵਿੰਦਰ ਸਿੰਘ ਪੁੱਤਰ ਡਾ.ਅਜਮੇਰ ਸਿੰਘ, ਵਾਸੀ ਰੈਡਿੰਗ (ਯੂ.ਕੇ) =8000/
6. ਸ਼੍ਰੀ ਰਾਜਿੰਦਰ ਸੈਣੀ, ਪ੍ਰਧਾਨ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ= 5000/
7. ਇੰਨਰਵੀਲ੍ਹ ਕਲੱਬ ਰੂਪਨਗਰ=3100/
8. ਠੇਕੇਦਾਰ ਗੁਰਦੇਵ ਸਿੰਘ ਸੋਢੀ ਪੁੱਤਰ ਸ. ਰੋਸ਼ਨ ਸਿੰਘ ਵਾਸੀ 151 ਦਸਮੇਸ਼ ਨਗਰ ਰੂਪਨਗਰ=2500/
9. ਰੋਟਰੀ ਕਲੱਬ ਰੂਪਨਗਰ=2100/
10. ਸ਼੍ਰੀਮਤੀ ਜਸਵੀਰ ਕੌਰ ਐਮ.ਸੀ.ਰੂਪਨਗਰ=2100/
11. ਹਰਨੂਰ ਰਾਹੀ ਟਰੇਡਰਜ਼ ਘਨੌਲੀ = 2100/
12. ਜ਼ਿਲ੍ਹਾ ਪੁਲਿਸ ਸਾਂਝ ਕੇਂਦਰ ਰੂਪਨਗਰ = 2100/-
12. ਸ. ਜਸਵਿੰਦਰਪਾਲ ਸਿੰਘ ਭਲਿਆਣ =1100/
13. ਸ. ਗੁਰਵਿੰਦਰ ਸਿੰਘ ਐਮ.ਐਸ. ਵਰਸੇਟਾਈਲ ਇੰਸਟੀਚਿਊਟ ਰੋਪੜ=1100/
14. ਸ਼੍ਰੀ ਕਮਲ ਚੰਦ ਮਕਾਰੀ, ਜ਼ਿਲ੍ਹਾ

ਰਜਨੀ ਹਰਬਲਜ਼ ਮਲਕਪੁਰ(ਰੂਪਨਗਰ), ਗੁਰੂ ਨਾਨਕ ਕਰਿਆਨਾ ਸਟੋਰ ਪਪਰਾਲਾ (ਰੂਪਨਗਰ) ਅਤੇ ਹੀਰਾ ਡਿਪਾਰਟਮੈਂਟਲ ਸਟੋਰ ਰੂਪਨਗਰ ਵਲੋਂ ਖੂਨ ਦਾਨ ਕੈਂਪ ਸਮੇਂ ਖੂਨਦਾਨੀਆਂ ਲਈ ਸੁਗਾਤਾਂ ਅਤੇ ਖਾਣ-ਪੀਣ ਵਾਲੀਆਂ ਚੀਜ਼ਾਂ ਦਾ ਦਾਨ।

❊ ❊ ❊ ❊ ❊

ਨਵੇਂ ਆਜੀਵਨ ਮੈਂਬਰ

(ਮੈਂਬਰਸ਼ਿਪ ਫੀਸ=2500/)



ਸ. ਸੁਖਵਿੰਦਰ ਸਿੰਘ ਪਟਵਾਰੀ, ਐਮ.ਸੀ. ਪੁੱਤਰ ਸ. ਹਜ਼ਾਰਾ ਸਿੰਘ , # 5255, ਜੁਝਾਰ ਸਿੰਘ ਨਗਰ ਰੂਪਨਗਰ



ਸ. ਗੁਰਮੀਤ ਸਿੰਘ ਮੁੰਦਰਾ ਪੁੱਤਰ ਸ. ਅਮਰੀਕ ਸਿੰਘ ਮੁੰਦਰਾ, # 33-34, ਕੰਗ ਸਿਟੀ ਛੋਟੀ ਹਵੇਲੀ ਰੂਪਨਗਰ।



ਇੰਜ. ਦਿਦਾਰ ਸਿੰਘ ਪੁੱਤਰ ਸ. ਪ੍ਰੀਤਮ ਸਿੰਘ ਵਾਸੀ # 1872,2ਬੀ ਗਊਸ਼ਾਲਾ ਰੋਡ ਰੂਪਨਗਰ।

ਨਜ਼ਰੀਆ



ਦਿਮਾਗ ਨਵਾਂ - ਸੋਚ ਪੁਰਾਣੀ

ਹਿੰਦੀ ਲੇਖਕ : ਜਾਵੇਦ ਅਖਤਰ
ਅਨੁਵਾਦਕ : ਅਮਰਜੀਤ ਸਿੰਘ

ਮਨੁੱਖ ਨੇ ਸ਼ਾਇਦ ਆਪਣੇ ਪੂਰੇ ਇਤਿਹਾਸ ਵਿੱਚ ਕਦੇ ਇੰਨੀ ਤਰੱਕੀ ਨਹੀਂ ਕੀਤੀ ਜਿੰਨੀ ਪਿਛਲੇ ਸੌ-ਦੋ ਸੌ ਸਾਲਾਂ ਵਿੱਚ ਕੀਤੀ ਹੈ। ਉਸ ਨੇ ਸਮੁੰਦਰ ਦੀਆਂ ਡੂੰਘਾਈਆਂ ਨਾਪ ਲਈਆਂ, ਆਸਮਾਨ ਦੀਆਂ ਉਚਾਈਆਂ ਛੂਹ ਲਈਆਂ, ਚੰਦ 'ਤੇ ਪੈਰ ਧਰ ਲਿਆ ਅਤੇ ਅਰਬਾਂ ਕਿਲੋਮੀਟਰ ਦੂਰ ਗ੍ਰਹਿਆਂ ਤੱਕ ਆਪਣੇ ਉੱਪ-ਗ੍ਰਹਿ ਭੇਜ ਦਿੱਤੇ। ਉਸ ਨੇ ਪ੍ਰਮਾਣੂ ਦੀ ਬਣਤਰ ਸਮਝ ਲਈ, ਮਨੁੱਖੀ ਜੀਨੋਮ ਨੂੰ ਪੜ੍ਹ ਲਿਆ ਅਤੇ ਅਜਿਹੀਆਂ ਮਸ਼ੀਨਾਂ ਬਣਾ ਲਈਆਂ ਜਿਹੜੀਆਂ ਸਿੱਖ ਵੀ ਸਕਦੀਆਂ ਹਨ ਅਤੇ ਫ਼ੈਸਲੇ ਵੀ ਲੈ ਸਕਦੀਆਂ ਹਨ। ਪਰੰਤੂ ਇਨ੍ਹਾਂ ਸਾਰੀਆਂ ਸਫ਼ਲਤਾਵਾਂ ਵਿੱਚ ਇੱਕ ਪ੍ਰਸ਼ਨ ਅਜੇ ਸਾਡੇ ਸਾਹਮਣੇ ਖੜ੍ਹਾ ਹੈ- ਕੀ ਸਾਡੀ ਸੋਚ ਵੀ ਉੱਨੀ ਅੱਗੇ ਵਧੀ ਹੈ ਜਿੰਨੀ ਸਾਡੀ ਤਕਨੀਕ? ਇਹ ਹੀ ਇੱਕੀਵੀਂ ਸਦੀ ਦਾ ਸਭ ਤੋਂ ਵੱਡਾ ਦਵੰਦ ਹੈ। ਸਾਡਾ ਦਿਮਾਗ ਆਧੁਨਿਕ ਹੈ, ਲੇਕਿਨ ਸਾਡੀ ਮਾਨਸਿਕ ਦੁਨੀਆਂ ਦਾ ਇੱਕ ਹਿੱਸਾ ਅਜੇ ਵੀ ਸਦੀਆਂ ਪੁਰਾਣੇ ਵਿਸ਼ਵਾਸਾਂ 'ਤੇ ਚੱਲਦਾ ਹੈ। ਇਸ ਪ੍ਰਕਾਰ ਜਾਪਦਾ ਹੈ ਕਿ ਇੱਕ ਹੀ ਮਨੁੱਖ ਦੇ ਅੰਦਰ ਦੋ ਅਲੱਗ ਅਲੱਗ ਸੰਸਾਰ ਵਸਦੇ ਹਨ। ਇੱਕ ਦੁਨੀਆਂ ਪ੍ਰਯੋਗਸ਼ਾਲਾ ਦੀ ਹੈ ਜਿੱਥੇ ਹਰ ਗੱਲ ਦਾ ਆਧਾਰ ਗਿਣਤੀ-ਮਿਣਤੀ, ਪ੍ਰਯੋਗ ਅਤੇ ਪ੍ਰਮਾਣ ਹੈ। ਦੂਜੀ ਦੁਨੀਆਂ ਰੀਤੀ-ਰਿਵਾਜ਼ਾਂ, ਪ੍ਰਤੀਕਾਂ ਅਤੇ ਉਨ੍ਹਾਂ ਧਾਰਨਾਵਾਂ ਦੀ ਹੈ ਜੋ ਸਾਨੂੰ ਵਿਰਾਸਤ ਵਿੱਚੋਂ ਮਿਲੀਆਂ ਹਨ। ਜ਼ਰਾ ਇਸ ਵਿਡੰਬਨਾ (ਦੋਚਿੱਤੀ) 'ਤੇ ਗੌਰ ਕਰੋ। ਇੱਕ ਵਿਗਿਆਨੀ ਸਾਲਾਂਬੱਧੀ ਮਿਹਨਤ, ਗਣਿਤ, ਭੌਤਿਕੀ ਅਤੇ ਹਜ਼ਾਰਾਂ ਪ੍ਰਯੋਗਾਂ ਦੇ ਸਹਾਰੇ ਇੱਕ ਉੱਪਗ੍ਰਹਿ ਨੂੰ ਲੱਖਾਂ ਕਿਲੋਮੀਟਰ ਦੂਰ ਕਿਸੇ ਗ੍ਰਹਿ 'ਤੇ ਨਿਰਧਾਰਤ ਸਥਾਨ 'ਤੇ ਪਹੁੰਚਾਉਣ ਵਿੱਚ ਸਫ਼ਲ ਹੋ ਜਾਂਦਾ ਹੈ। ਜੇਕਰ ਰਾਕੇਟ ਦੀ ਸਫ਼ਲਤਾ ਵਿਗਿਆਨ, ਗਣਿਤ ਅਤੇ ਕੁਦਰਤ ਦੇ ਨਿਯਮਾਂ 'ਤੇ ਨਿਰਭਰ ਹੈ ਤਾਂ ਕਿਸੀ ਹੋਰ ਅਲੌਕਿਕ ਵਿਵਸਥਾ ਦੀ ਜ਼ਰੂਰਤ ਕਿਥੋਂ ਪੈ ਗਈ? ਜੇਕਰ ਉਹ ਅਲੌਕਿਕ ਵਿਵਸਥਾ ਹੀ ਨਿਰਣਾਇਕ ਹੈ ਤਾਂ ਫਿਰ ਵਿਗਿਆਨ ਦੀ ਇੰਨੀ ਲੰਬੀ ਤਿਆਰੀ ਅਤੇ ਇੰਨੇ ਕਠਿਨ ਪ੍ਰਯੋਗਾਂ ਦਾ ਕੀ ਅਰਥ ਰਹਿ ਜਾਂਦਾ ਹੈ? 21ਵੀਂ ਸਦੀ ਤੋਂ ਪਹਿਲਾਂ ਅਜਿਹਾ ਕਦੇ ਹੋਇਆ ਹੀ ਨਹੀਂ ਕਿ ਮਨੁੱਖ ਦਾ ਗਿਆਨ ਅਤੇ ਉਸ ਦੀ ਆਸਥਾ ਇੱਕ ਦੂਜੇ ਦੇ ਵਿਰੋਧੀ ਹੋਣ ਅਤੇ ਹੋਣ ਵੀ ਦੋਨੋ ਮਨੁੱਖ ਦੇ ਅੰਦਰ। ਸ਼ਾਇਦ ਇਹ ਹੀ ਸਾਡੇ ਆਧੁਨਿਕ ਸਮੇਂ ਦਾ ਸਭ ਤੋਂ ਵੱਡਾ ਬੌਧਿਕ ਅੰਤਰਵਿਰੋਧ ਹੈ-ਸਾਡੀ ਜਾਣਕਾਰੀ ਇੱਕ ਦਿਸ਼ਾ ਵਿੱਚ ਖੜ੍ਹੀ ਹੈ ਅਤੇ ਆਸਥਾ ਦੂਜੀ ਦਿਸ਼ਾ ਵਿੱਚ। ਦੋਵੇਂ ਇੱਕ ਹੀ ਮਨੁੱਖ ਵਿੱਚ ਵਸਦੀਆਂ ਹਨ ਪਰ ਕਦੇ ਇੱਕ-ਦੂਜੀ ਨੂੰ ਪ੍ਰਸ਼ਨ ਨਹੀਂ ਕਰਦੀਆਂ।

ਧਰਮਾਂ ਨੂੰ ਸਮਝਣ ਲਈ ਮਨੁੱਖ ਨੂੰ ਉਨ੍ਹਾ ਦੇ ਇਤਿਹਾਸਕ ਪਿਛੋਕੜ ਵਿੱਚ ਝਾਕਣਾ ਹੋਵੇਗਾ। ਧਰਮ ਉਸ ਸਮੇਂ ਜਨਮੇ ਜਦੋਂ ਮਨੁੱਖ ਪਾਸ ਕੁਦਰਤ ਦੀ ਵਿਗਿਆਨਕ ਵਿਆਖਿਆ ਨਹੀਂ ਸੀ। ਬਿਜਲੀ ਕਿਉਂ ਚਮਕਦੀ ਹੈ, ਭੂਚਾਲ ਕਿਉਂ ਆਉਂਦੇ ਹਨ, ਮਹਾਂਮਾਰੀ ਕਿਵੇਂ ਫੈਲਦੀ ਹੈ, ਗ੍ਰਹਿਣ ਕਿਉਂ ਲਗਦਾ ਹੈ, ਮੀਂਹ ਕਿਵੇਂ ਪੈਂਦਾ ਹੈ- ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਮਨੁੱਖ ਪਾਸ ਨਹੀਂ ਸਨ। ਇਸ ਲਈ ਉਸ ਨੇ ਆਪਣੀ ਸਮਝ, ਕਲਪਣਾ ਤੇ ਅਨੁਭਵ ਦੇ ਆਧਾਰ 'ਤੇ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਖੋਜੇ। ਆਪਣੇ ਸਮੇਂ ਦੇ ਹਾਲਾਤਾਂ ਅਨੁਸਾਰ ਉਹ ਸੁਭਾਵਿਕ ਹੀ ਸੀ। ਪਰ ਗਿਆਨ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਉਹ ਟਿਕ ਨਹੀਂ ਸਕਦਾ। ਵਿਗਿਆਨ ਦੀ ਹਰ ਨਵੀਂ ਖੋਜ ਸਾਨੂੰ ਪੁਰਾਣੀਆਂ ਧਾਰਨਾਵਾਂ ਨੂੰ ਮੁੜ ਵਿਚਾਰਨ ਲਈ ਮਜ਼ਬੂਰ ਕਰਦੀ ਹੈ। ਇਸ ਲਈ ਸਮੇਂ ਦੇ ਬਦਲਣ ਨਾਲ ਸਾਡੀ ਸਮਝ ਦਾ ਬਦਲਣਾ ਵੀ ਉਨ੍ਹਾਂ ਹੀ ਜ਼ਰੂਰੀ ਹੈ। *

ਮੁਸ਼ਕਲ ਉਦੋਂ ਪੈਦਾ ਹੁੰਦੀ ਹੈ, ਜਦੋਂ ਅਸੀਂ ਇੱਕੀਵੀਂ ਸਦੀ ਦੇ ਵਿਗਿਆਨ ਦਾ ਲਾਭ ਤਾਂ ਪੂਰੀ ਤਰ੍ਹਾਂ ਲੈਣਾ ਚਾਹੁੰਦੇ ਹਾਂ, ਪਰ ਉਸੇ ਵਿਗਿਆਨ ਦੇ ਮੁਢਲੇ ਸਿਧਾਂਤ-'ਹਰ ਦਾਹਵੇ ਨੂੰ ਪ੍ਰਸ਼ਨ, ਤਰਕ ਅਤੇ ਪ੍ਰਮਾਣ ਦੀ ਕਸੌਟੀ 'ਤੇ ਪਰਖਣਾ' ਨੂੰ ਅਪਣਾਉਣ ਤੋਂ ਝਿਜਕਦੇ ਹਾਂ। ਇਸ ਨਾਲ ਸਾਡੀ ਜ਼ਿੰਦਗੀ ਦੋ ਹਿੱਸਿਆਂ ਵਿੱਚ ਵੰਡੀ ਜਾਂਦੀ ਹੈ। ਸਾਡੇ ਹੱਥ ਵਿੱਚ ਤਾਂ ਆਧੁਨਿਕ ਤਕਨੀਕ ਹੁੰਦੀ ਹੈ, ਜਦੋਂ ਕਿ ਸਾਡੀ ਸੋਚ ਦਾ ਇੱਕ ਹਿੱਸਾ ਮੱਧਯੁਗੀ ਧਾਰਨਾਵਾਂ ਨਾਲ ਬੱਝਿਆ ਹੁੰਦਾ ਹੈ। ਤਕਨੀਕ ਸਾਨੂੰ ਆਧੁਨਿਕ ਤਾਂ ਬਣਾ ਸਕਦੀ ਹੈ, ਪਰ ਆਧੁਨਿਕ ਮਾਨਸਿਕਤਾ ਕੇਵਲ ਵਿਗਿਆਨਕ ਦ੍ਰਿਸ਼ਟੀਕੋਨ ਨਾਲ ਹੀ ਮਿਲ ਸਕਦੀ ਹੈ। ਜੇਕਰ ਕੇਵਲ ਧਰਮ ਹੀ ਮਨੁੱਖ ਨੂੰ ਨੇਕ ਬਣਾ ਦਿੰਦਾ ਤਾਂ ਮੱਧ-ਪੂਰਬ ਸੰਸਾਰ ਦਾ ਸਭ ਤੋਂ ਸ਼ਾਂਤ ਇਲਾਕਾ ਹੁੰਦਾ। ਜਦੋਂਕਿ ਹਕੀਕਤ ਇਸ ਦੇ ਬਿਲਕੁਲ ਉਲਟ ਹੈ। ਕੋਈ ਵੀ ਸੱਭਿਅਤਾ ਕੇਵਲ ਇਸ ਲਈ ਜਿੰਦਾ ਨਹੀਂ ਰਹਿੰਦੀ ਕਿ ਉਸ ਨੇ ਆਪਣੇ ਅਤੀਤ ਨੂੰ ਸੰਭਾਲ ਕੇ ਰੱਖਿਆ ਹੈ। ਉਹ ਇਸ ਲਈ ਅੱਗੇ ਵਧਦੀ ਹੈ ਕਿ ਉਹ ਆਪਣੇ ਅਤੀਤ ਦਾ ਸਨਮਾਨ ਕਰਦਿਆਂ ਉਸ ਤੋਂ ਪ੍ਰਸ਼ਨ ਪੁੱਛਣ ਦਾ ਹੌਸਲਾ ਵੀ ਰਖਦੀ ਹੈ। ਵਿਰਾਸਤ ਦਾ ਮਤਲਬ ਉਸ ਨੂੰ ਸਿਰ 'ਤੇ ਚੁੱਕ ਕੇ ਢੋਣਾ ਨਹੀਂ ਹੁੰਦਾ, ਬਲਕਿ ਉਸ ਨੂੰ ਸਮਝਣਾ, ਪਰਖਣਾ ਅਤੇ ਹਰ ਦੌਰ ਦੀ ਨਵੀਂ ਰੋਸ਼ਨੀ ਵਿੱਚ ਦੇਖਣਾ ਹੁੰਦਾ ਹੈ। ਜਿਹੜੀਆਂ ਧਾਰਨਾਵਾਂ ਤਰਕ, ਅਨੁਭਵ ਅਤੇ ਪ੍ਰਮਾਣ ਦੀ ਕਸੌਟੀ 'ਤੇ ਖਰੀਆਂ ਉੱਤਰਦੀਆਂ ਹਨ, ਉਨ੍ਹਾਂ ਨੂੰ ਬਚਾਉਣ ਲਈ ਕਿਸੇ ਆਗ੍ਰਹਿ ਦੀ ਜ਼ਰੂਰਤ ਨਹੀਂ ਹੁੰਦੀ, ਉਹ ਆਪਣੇ ਦਮ-ਖਮ 'ਤੇ ਜਿਉਂਦੀਆਂ ਰਹਿੰਦੀਆਂ ਹਨ। ਪਰ ਕਿਸੇ ਵਿਚਾਰ ਨੂੰ ਕੇਵਲ ਇਸ ਲਈ ਸੱਚ ਮੰਨਦੇ ਰਹਿੰਣਾ ਕਿ ਉਹ ਸਦੀਆਂ ਪੁਰਾਣਾ ਹੈ, ਇਹ ਅਤੀਤ ਦਾ ਸਨਮਾਨ ਨਹੀਂ ਸਗੋਂ ਉਸ ਦੇ ਬੋਝ ਥੱਲੇ ਦੱਬ ਜਾਣਾ ਹੈ। ਸੱਭਿਅਤਾ ਦੀ ਪਛਾਣ ਇਸ ਗੱਲ ਤੋਂ ਨਹੀਂ ਹੁੰਦੀ ਕਿ ਉਹ ਆਪਣੇ ਬਜ਼ੁਰਗਾਂ ਦੀ ਹਰ

ਗੱਲ ਨੂੰ ਦੁਹਰਾਉਂਦੀ ਰਹੇ, ਬਲਕਿ ਇਸ ਗੱਲ ਨਾਲ ਹੁੰਦੀ ਹੈ ਕਿ ਉਹ ਵਿਰਾਸਤ ਵਿੱਚ ਆਪਣੀ ਬੁੱਧੀ ਨਾਲ ਵਾਧਾ ਵੀ ਕਰੇ।

ਮੁਸ਼ਕਲ ਉਦੋਂ ਹੁੰਦੀ ਹੈ ਜਦੋਂ ਨਿਜੀ ਧਾਰਮਿਕ ਵਿਸ਼ਵਾਸ ਸਮਾਜਿਕ ਫੈਸਲਿਆਂ ਦੀ ਥਾਂ ਲੈਣ ਲਗਦੇ ਹਨ। ਆਧੁਨਿਕ ਸਮਾਜ ਦੀ ਅਸਲ ਚੁਣੌਤੀ ਵਿਗਿਆਨ ਅਤੇ ਆਸਥਾ ਵਿੱਚ ਕੋਈ ਯੁੱਧ ਖੜ੍ਹਾ ਕਰਨਾ ਨਹੀਂ ਹੈ। ਚੁਣੌਤੀ ਇਹ ਹੈ ਕਿ ਦੋਵਾਂ ਦੀਆਂ ਹੱਦਾਂ ਸਪਸ਼ਟ ਸਮਝੀਆਂ ਜਾਣ। ਆਸਥਾ ਮਨੁੱਖ ਦਾ ਨਿਜੀ ਅਧਿਕਾਰ ਹੈ, ਲੇਕਿਨ ਜਿੱਥੇ ਗਿਆਨ, ਸਿੱਖਿਆ, ਚਕਿਤਸਾ, ਕਾਨੂੰਨ ਜਾਂ ਸਮੂਹਿਕ ਨੀਤੀ ਦਾ ਸਵਾਲ ਹੋਵੇ, ਉੱਥੇ ਫ਼ੈਸਲੇ ਵਿਸ਼ਵਾਸ ਦੀ ਬਜਾਏ ਪ੍ਰਮਾਣ, ਤਰਕ, ਅਤੇ ਪ੍ਰੀਖਣ ਦੇ ਅਧਾਰ 'ਤੇ ਹੋਣੇ ਚਾਹੀਦੇ ਹਨ। ਆਸਥਾ ਨਿਜੀ ਜ਼ਿੰਦਗੀ ਨੂੰ ਸਹਾਰਾ ਦਿੰਦੀ ਹੈ, ਪਰ ਸਮਾਜ ਨੂੰ ਅੱਗੇ ਵਧਾਉਣ ਦਾ ਕਾਰਜ ਵਿਵੇਕ ਅਤੇ ਗਿਆਨ ਹੀ ਕਰਦੇ ਹਨ।

ਅਧਿਆਤਮ ਜੇਕਰ ਆਪਣੇ ਅੰਦਰ ਝਾਕਣਾ, ਆਪਣੀ ਜ਼ਿੰਦਗੀ ਦਾ ਹਿਸਾਬ ਕਰਨਾ ਅਤੇ ਆਪਣੀਆਂ ਕਮਜ਼ੋਰੀਆਂ ਅਤੇ ਖ਼ੂਬੀਆਂ ਨੂੰ ਪਛਾਨਣਾ ਹੈ ਤਾਂ ਇਸ ਵਿੱਚ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋ ਸਕਦਾ। ਜੇਕਰ ਅਧਿਆਤਮ ਦਾ ਅਰਥ ਧਰਮ, ਜਾਤੀ, ਨਸਲ ਅਤੇ ਪੰਥ ਦੀਆਂ ਕੰਧਾਂ ਤੋਂ ਉੱਪਰ ਉੱਠ ਕੇ ਪੂਰੀ ਮਾਨਵਤਾ ਨੂੰ ਪਿਆਰ ਕਰਨਾ ਹੈ ਤਾਂ ਵੀ ਕੋਈ ਸਮੱਸਿਆ ਨਹੀਂ। ਇਹ ਅਧਿਆਤਮ ਮਾਨਵਤਾ ਹੈ। ਅੱਜ ਕੱਲ੍ਹ ਅਧਿਆਤਮ ਅਮੀਰ ਲੋਕਾਂ ਲਈ ਇੱਕ ਤਰ੍ਹਾਂ ਦਾ ਟ੍ਰਾਂਕਿਵਲਾਈਜ਼ਰ ਬਣ ਗਿਆ ਹੈ। ਇਹ ਹੀ ਕਾਰਨ ਹੈ ਕਿ ਅਖੌਤੀ ਗੁਰੂ ਅਤੇ ਬੁੱਧ ਵਿਚਕਾਰ ਫ਼ਰਕ ਸਪਸ਼ਟ ਦਿਸਦਾ ਹੈ। ਗੌਤਮ ਬੁੱਧ ਮਹਿਲ ਛੱਡ ਕੇ ਸੱਚ ਦੀ ਖੋਜ ਵਿੱਚ ਜੰਗਲ ਗਏ ਸਨ, ਜਦੋਂਕਿ ਅੱਜ ਦੇ ਬਹੁਤੇ ਗੁਰੂ ਜੰਗਲ ਤੋਂ ਨਿਕਲ ਕੇ ਮਹਿਲਾਂ ਵਿੱਚ ਪਹੁੰਚ ਜਾਂਦੇ ਹਨ।

ਰਾਹੂ ਅਤੇ ਕੇਤੂ ਦੀ ਅਸਲੀਅਤ (ਗੂਗਲ ਤੋਂ)

ਭਾਰਤੀ ਜੋਤਿਸ਼ ਗਿਆਨ ਵਿੱਚ ਰਾਹੂ ਅਤੇ ਕੇਤੂ ਦੀ ਬਹੁਤ ਚਰਚਾ ਹੈ। ਇਨ੍ਹਾਂ ਨੂੰ ਬਹੁਤ ਸ਼ਕਤੀਸ਼ਾਲੀ ਸਮਝਿਆ ਜਾਂਦਾ ਹੈ ਜਿਹੜੇ ਮਨੁੱਖੀ ਜੀਵਨ ਦੇ ਹਰ ਖੇਤਰ ਨੂੰ ਪ੍ਰਭਾਵਿਤ ਕਰਦੇ ਹਨ। ਇਨ੍ਹਾਂ ਦੋਵਾਂ ਨੂੰ ਸੂਰਜ-ਗ੍ਰਹਿਣ ਅਤੇ ਚੰਦ-ਗ੍ਰਹਿਣ ਲਈ ਜ਼ਿੰਮੇਵਾਰ ਸਮਝਿਆ ਜਾਂਦਾ ਹੈ। ਇਨ੍ਹਾਂ ਨਾਲ ਅਨੇਕ ਪ੍ਰਕਾਰ ਦੇ ਭਰਮਾਂ ਨੂੰ ਜੋੜ ਕੇ ਮਨੁੱਖ ਨੂੰ ਭੈਭੀਤ ਕੀਤਾ ਜਾਂਦਾ ਹੈ।

ਪੁਰਾਣਿਕ ਕਥਾ ਅਨੁਸਾਰ ਆਰੰਭਿਕ ਸਮੇਂ ਦੇਵਤਿਆਂ ਅਤੇ ਦੈਤਾਂ ਨੇ ਦੁੱਧ ਦੇ ਸਮੁੰਦਰ ਨੂੰ ਰਿੜਕ ਕੇ ਅੰਮ੍ਰਿਤ ਕੱਢਿਆ। ਇਹ ਰਸ ਪੀ ਕੇ ਦੇਵਤਿਆਂ ਨੂੰ ਅਮਰ ਕੀਤਾ ਜਾਣਾ ਸੀ। ਵਿਸ਼ਨੂ ਦੀ ਅਵਤਾਰ ਮੋਹਿਨੀ ਨੇ ਦੇਵਤਿਆਂ ਨੂੰ ਕਤਾਰ ਵਿੱਚ ਬਿਠਾ ਕੇ ਇਹ ਅੰਮ੍ਰਿਤ ਵਰਤਾਉਣਾ ਸ਼ੁਰੂ ਕੀਤਾ। ਇਸ ਸਮੇਂ ਇੱਕ ਦੈਂਤ ਸਵਰਭੰਧੂ ਨੇ ਵੀ ਚਲਾਕੀ ਨਾਲ ਇਸ ਕਤਾਰ ਵਿੱਚ ਬੈਠ ਕੇ ਅੰਮ੍ਰਿਤ ਪੀ ਲਿਆ। ਸੂਰਜ ਅਤੇ ਚੰਦ ਨੇ ਉਸ ਦੈਂਤ ਨੂੰ ਅੰਮ੍ਰਿਤ ਪੀਂਦਿਆਂ ਦੇਖ ਲਿਆ ਅਤੇ ਮੋਹਿਨੀ ਨੂੰ ਦੱਸ ਦਿਤਾ। ਪਰ ਉਸ ਸਮੇਂ ਤੱਕ ਉਹ ਦੈਂਤ ਅਮਰ ਹੋ ਚੁੱਕਾ ਸੀ। ਮੋਹਿਨੀ ਨੇ ਆਪਣੇ ਸੁਦਰਸ਼ਨ ਚੱਕਰ ਨਾਲ ਇਸ ਦੈਂਤ ਦਾ ਸਿਰ ਕੱਟ ਦਿੱਤਾ। ਉਸ ਦਾ ਸਿਰ ਰਾਹੂ ਅਤੇ ਧੜ ਕੇਤੂ ਕਹਿਲਾਇਆ ਜੋ ਅਮਰ ਹੋ ਚੁੱਕੇ ਸਨ। ਇਹ ਦੋਵੇਂ ਗ੍ਰਹਿ ਬਣ ਕੇ ਮਨੁੱਖ ਦੀ ਕਿਸਮਤ ਨੂੰ ਪ੍ਰਭਾਵਿਤ ਕਰਨ ਲਗ ਪਏ। ਪਰ ਰਾਹੂ ਅਤੇ ਕੇਤੂ ਸੂਰਜ ਅਤੇ ਚੰਦ ਦੇ ਪੱਕੇ ਦੁਸ਼ਮਣ ਬਣ ਗਏ। ਇਸ ਲਈ ਰਾਹੂ ਉਨ੍ਹਾਂ ਨੂੰ ਨਿਗਲਣ ਲਈ ਨਿਰੰਤਰ ਉਨ੍ਹਾਂ ਦਾ ਪਿੱਛਾ ਕਰਦਾ ਹੈ ਪਰ ਕਿਉਂਕਿ ਰਾਹੂ ਦਾ ਸਰੀਰ ਨਹੀਂ ਹੈ ਇਸ ਲਈ ਸੂਰਜ ਅਤੇ ਚੰਦ ਉਸ ਦੇ ਗਲੇ ਰਾਹੀਂ ਬਾਹਰ ਨਿਕਲ ਜਾਂਦੇ ਹਨ। ਜੋਤਿਸ਼ ਅਨੁਸਾਰ ਇਹ ਹੀ ਸੂਰਜ ਤੇ ਚੰਦ ਗ੍ਰਹਿਣ ਹਨ। ਇਹ ਵੀ ਮੰਨਿਆਂ ਜਾਂਦਾ ਹੈ ਕਿ ਜੁਪੀਟਰ (ਗੁਰੂ) ਅਤੇ ਸ਼ਨੀ ਗ੍ਰਹਿ ਆਪਣੀ ਸਿਆਣਪ ਅਤੇ ਸ਼ਕਤੀ ਨਾਲ ਰਾਹੂ ਅਤੇ ਕੇਤੂ ਨੂੰ ਕੰਟਰੋਲ ਵਿੱਚ ਰਖਦੇ ਹਨ।

ਆਧੁਨਿਕ ਖਗੋਲੀ ਖੋਜਾਂ ਅਨੁਸਾਰ ਰਾਹੂ ਅਤੇ ਕੇਤੂ ਨਾ ਤਾਂ ਕੋਈ ਖਗੋਲੀ ਵਸਤੂਆਂ ਹਨ ਅਤੇ ਨਾਂ ਹੀ ਕੋਈ ਗ੍ਰਹਿ। ਇਹ ਤਾਂ ਸੂਰਜ ਅਤੇ ਚੰਦ ਦੇ ਆਪਣੇ ਆਪਣੇ ਚੱਕਰਾਂ ਵਿੱਚ ਧਰਤੀ ਦੁਆਲੇ ਘੁੰਮਦਿਆਂ ਇੱਕ ਦੂਜੇ ਦਾ ਰਾਹ ਕੱਟਣ ਵਾਲੇ ਬਿੰਦੂ ਹਨ। ਇੱਕ ਬਿੰਦੂ ਉੱਤਰ ਵਾਲੇ ਪਾਸੇ ਅਤੇ ਦੂਜਾ ਦੱਖਣ ਵਿੱਚ ਇਕ ਦੂਜੇ ਤੋਂ 180 ਡਿਗਰੀ 'ਤੇ ਸਥਿਤ ਰਹਿੰਦੇ ਹਨ। ਸੂਰਜ ਅਤੇ ਚੰਦ ਜਦੋਂ ਇਨ੍ਹਾਂ ਦੋਹਾਂ ਬਿੰਦੂਆਂ ਵਿੱਚੋਂ ਕਿਸੇ ਇਕ 'ਤੇ ਹੁੰਦੇ ਹਨ ਤਾਂ ਸੂਰਜ ਦਾ ਪ੍ਰਕਾਸ਼ ਰੁਕ ਜਾਣ ਕਾਰਨ ਗ੍ਰਹਿਣ ਲਗਦੇ ਹਨ। ਇਸ ਘਟਨਾ ਨੂੰ ਹੀ ਸੱਪ (ਰਾਹੂ ਜਾਂ ਕੇਤੂ) ਵਲੋਂ ਸੂਰਜ-ਚੰਦ ਦਾ ਨਿਗਲਣਾ ਸਮਝਿਆ ਜਾਂਦਾ ਹੈ।

ਹੁਣ ਇਹ ਸੋਚਣਾ ਤੁਹਾਡਾ ਕੰਮ ਹੈ ਕਿ ਰਾਹੂ ਤੇ ਕੇਤੂ ਦੀਆਂ ਇਨ੍ਹਾਂ ਦੋਵੇਂ ਵਿਆਖਿਆਵਾਂ ਵਿੱਚੋਂ ਕਿਹੜੀ ਦਿਮਾਗ ਨੂੰ ਠੀਕ ਲਗਦੀ ਹੈ। ਤਕਨੀਕ ਪੱਖੋਂ ਉਣੇ ਪੁਰਾਤਨ ਸਮੇਂ ਵਿੱਚ ਬੁੱਧੀਜੀਵੀਆਂ ਅਤੇ ਚਿੰਤਕਾਂ ਵਲੋਂ ਆਪਣੇ ਅਨੁਭਵ ਅਤੇ ਕਲਪਣਾ ਸ਼ਕਤੀ ਨਾਲ ਸਿਰਜੀ ਹੋਈ ਮਨੋਰੰਜਕ ਕਹਾਣੀ ਜਾਂ ਸਾਲਾਂਬੱਧੀ ਕੀਤੇ ਵਿਗਿਆਨਕ ਪ੍ਰਯੋਗਾਂ ਅਤੇ ਗਿਣਤੀਆਂ ਮਿਣਤੀਆਂ ਰਾਹੀਂ ਖੋਜੇ ਹੋਏ ਤੱਥ।

ਮਿਥਿਹਾਸ

ਇਹ ਸੋਚਣਾ ਇਨਸਾਨਾਂ ਦੇ ਸੁਭਾਓ ਦਾ ਹਿੱਸਾ ਹੁੰਦਾ ਹੈ ਕਿ ਉਹ ਕਿੱਥੋਂ ਆਏ ਹਨ ਅਤੇ ਉਨ੍ਹਾਂ ਦੇ ਵਡੇਰੇ ਕੌਣ ਸਨ। ਮਿਥਿਹਾਸ ਮੂਲ ਰੂਪ ਵਿੱਚ ਉਸੇ ਕਲਪਣਾ ਦੀ ਪੈਦਾਵਾਰ ਹੁੰਦਾ ਹੈ। ਇਸ ਲਈ ਇਹ ਬਹੁਤ ਲੁਭਾਉਣਾ ਹੋ ਸਕਦਾ ਹੈ। ਇਹ ਉਹ ਚੀਜ਼ ਹੈ ਜਿਸ ਨੂੰ ਤੁਸੀਂ ਸੱਚ ਹੁੰਦਿਆਂ ਦੇਖਣਾ ਚਾਹੁੰਦੇ ਹੋ। ਫਿਰ ਤੁਸੀਂ ਇਹ ਮੰਨ ਲੈਂਦੇ ਹੋ ਕਿ ਇਹ ਅਤੀਤ ਵਿੱਚ ਵਾਪਰਿਆ ਸੀ ਪਰ ਹੁਣ ਨਹੀਂ ਵਾਪਰ ਰਿਹਾ ਅਤੇ ਤੁਸੀਂ ਉਸ ਅਤੀਤ ਵਿੱਚ ਵਾਪਸ ਜਾਣਾ ਚਾਹੁੰਦੇ ਹੋ। ਤੁਸੀਂ ਇਹ ਵੀ ਚਾਹੁੰਦੇ ਹੋ ਕਿ ਉਸ ਅਤੀਤ ਦਾ ਘੱਟੋ-ਘੱਟ ਕੁੱਝ ਹਿੱਸਾ ਤਾਂ ਵਰਤਮਾਨ ਵਿੱਚ ਆਉਣਾ ਹੀ ਚਾਹੀਦਾ ਹੈ।

-ਰੋਮਿਲਾ ਥਾਪਰ,ਪ੍ਰੋਫੈਸਰ ਪ੍ਰਾਚੀਨ ਇਤਿਹਾਸ



The Unseen Shield : How a Regret Became a Blessing

Ravinder Singh Mundra
(Adv.) Rupnagar

On the occasion of the 105th birth anniversary of the late Sh. L.R. Mundra—Former Chairman Saini Bhawan Ropar and Founder of Apna Ghar (Old Age Home)

Life is lived looking forward, but understood looking back. What feels like a bitter sacrifice today can become the very shield that saves us tomorrow. This profound truth was passed down to me by my grandfather, the late Shri L.R. Mundra while telling me the following facts of his life.

After a distinguished career in the Delhi Police—retiring in 1979 as an Assistant Commissioner of Police—he decided to return to his native village, Haveli Kalan, Ropar to serve the society. Throughout his service, his sheer honesty was his greatest pride. This strong integrity earned him the privilege of serving as Personal Security Officer to President Shri Neelam Sanjiva Reddy, as well as working on the personal security teams of three Prime Ministers namely Pt. Jawaharlal Nehru, Shri Lal Bahadur Shastri, and Smt. Indira Gandhi.

A year before his retirement, Mr. Mundra sought the help of his brothers, S. Jagat Singh Mundra and S. Naranjan Singh Mundra, who were already living in Haveli Kalan and they readily agreed and took full responsibility for building his new home. Both brothers wanted Mr. Mundra and his wife, Smt. Saraswati Devi Mundra, to move into a modern home ready with attached washrooms, proper drainage, and a lush green garden. By the grace of God, the house was completed right on time. On their arrival, Mr. Mundra fell in love with their new sanctuary—a serene, quiet place away from the heavy traffic and sharp hustle of Delhi. Later, following the demise of Smt. Saraswati Devi Mundra, this house was converted into an Old Age Home in her loving memory, where needy elderly seniors now live. It is named as Apna Ghar, Saraswati Devi Mundra Charitable Trust (Regd.) Ropar.

However, their newfound peace was soon shattered. Shortly after settling in Ropar, Mr. Mundra received an official letter from Delhi Police Headquarters containing an anonymous complaint. It alleged that he had built a magnificent home using money disproportionate to his known income. For a man who had built his entire life on honest principles, the accusation was a painful shock.



To defend his case, Mr. Mundra provided full details showing how he used his Provident Fund and personal savings for the construction. He also shared the painful truth that he was forced to sell his cherished, licensed personal weapon just to cover the costs of the final whitewashing and furniture. The department was fully satisfied with his proof and closed the inquiry. However, even though his name was cleared, he deeply regretted having to sell the weapon he loved so much. And he said, this regret remained with him till he met another incident.

It would be worth mentioning here that when Mr. Mundra moved into his new home at Haveli Kalan, he arrived with very little—just a few household items and an Alsatian puppy. The puppy was a farewell gift from the then President, Shri Neelam Sanjiva Reddy. Named "Tiger," the dog stayed with Mr. Mundra in his new home.

Decades passed, and that lingering regret finally met its purpose. After many

continue to page 40.....



ਪਾਣੀ ਬਚਾਈਏ

ਤੇਜਪਾਲ ਸਿੰਘ ਸੈਣੀ
ਰਿਟਾ. ਮੁੱਖ ਇੰਜ. ਪੰਜਾਬ

ਪਾਣੀ ਕੁਦਰਤ ਦੀ ਇੱਕ ਬਹੁਮੁੱਲੀ ਦਾਤ ਹੈ। ਇਸ ਨੂੰ ਸਾਰੇ ਧਰਮਾਂ ਵਿੱਚ ਬਹੁਤ ਅਹਿਮ ਸਥਾਨ ਦਿੱਤਾ ਗਿਆ ਹੈ । ਸਿੱਖ ਧਰਮ ਵਿੱਚ ਪਾਣੀ ਨੂੰ ਪਿਤਾ ਦਾ ਦਰਜਾ ਦਿੱਤਾ ਗਿਆ ਹੈ, ਹਿੰਦੂ ਧਰਮ ਵਿੱਚ ਇਸ ਨੂੰ ਜਲ ਦੇਵਤਾ ਕਹਿ ਕੇ ਸਨਮਾਨ ਦਿੱਤਾ ਗਿਆ ਹੈ ਅਤੇ ਮੁਸਲਿਮ ਧਰਮ ਵਿੱਚ ਇਸ ਨੂੰ ਖਵਾਜਾ ਕਹਿ ਕੇ ਪੂਜਿਆ ਜਾਂਦਾ ਹੈ। ਵਿਗਿਆਨ ਦੇ ਮੁਤਾਬਕ ਵੀ ਪਾਣੀ ਤੋਂ ਬਿਨਾਂ ਇਸ ਧਰਤੀ ਉੱਤੇ ਕੋਈ ਵੀ ਜੀਵਨ ਜਾਂ ਬਨਸਪਤੀ ਦੀ ਉਤਪਤੀ ਸੰਭਵ ਨਹੀਂ ਹੈ। ਇਸ ਧਰਤੀ ਦੇ ਕੁੱਲ ਖੇਤਰਫਲ ਦਾ ਲਗਭਗ 71% ਹਿੱਸਾ ਸਮੁੰਦਰ ਦੇ ਪਾਣੀ ਨਾਲ ਭਰਿਆ ਹੋਇਆ ਹੈ।ਪ੍ਰੰਤੂ ਇਹ ਸਾਰਾ ਪਾਣੀ ਪੀਣਯੋਗ ਜਾਂ ਸਿੰਜਾਈ ਯੋਗ ਨਹੀਂ ਹੈ। ਅਜਿਹਾ ਪਾਣੀ (ਧਰਤੀ ਹੇਠਲਾ ਪਾਣੀ) ਕੁੱਲ ਪਾਣੀ ਦਾ ਲਗਭਗ 3% ਹੀ ਹੈ। ਇਹ ਪਾਣੀ ਕੁਦਰਤ ਵੱਲੋਂ ਸਮੁੰਦਰ ਦੇ ਪਾਣੀ ਨੂੰ ਸੂਰਜ ਦੀ ਰੌਸ਼ਨੀ ਦੀ ਗਰਮੀ ਨਾਲ ਵਾਸ਼ਪੀਕਰਨ ਦੁਆਰਾ ਹਵਾ ਵਿੱਚ ਜਲ ਵਾਸ਼ਪਾਂ ਰਾਹੀਂ ਮੈਦਾਨਾਂ ਤੇ ਪਹਾੜਾਂ ਵਿੱਚ ਬੱਦਲਾਂ ਦੀ ਸ਼ਕਲ ਵਿੱਚ ਬਰਖਾ ਕਰਵਾ ਕੇ ਧਰਤੀ ਉੱਤੇ ਛਿੜਕਾ ਕੀਤਾ ਜਾਂਦਾ ਹੈ। ਇਸ ਪਾਣੀ ਦਾ ਕੁਝ ਹਿੱਸਾ ਧਰਤੀ ਦੇ ਅੰਦਰ ਰਿਸ ਜਾਂਦਾ ਹੈ ਜੋ ਕਿ ਧਰਤੀ ਦੇ ਥੱਲੇ ਦੀਆਂ ਕਈ ਸਤਾਵਾਂ ਨੂੰ ਪਾਰ ਕਰਦਾ ਹੋਇਆ ਕਈ ਸੈਂਕੜੇ ਸਾਲਾਂ ਵਿੱਚ ਸਾਫ ਹੁੰਦਾ ਹੋਇਆ ਥੱਲੇ ਅਲੱਗ ਅਲੱਗ ਪੱਧਰ ਤੇ ਕੁਦਰਤੀ ਤੌਰ ਤੇ ਬਣਾਏ ਗਏ ਪੱਤਣਾਂ ਵਿੱਚ ਸਾਂਭਿਆ ਜਾਂਦਾ ਹੈ । ਬਰਸਾਤੀ ਪਾਣੀ ਦਾ ਕੁਝ ਹਿੱਸਾ ਰਿੜਦਾ ਰਿੜਦਾ ਝਰਨਿਆ ਵਿੱਚ ਦੀ ਹੁੰਦਾ ਹੋਇਆ ਨਦੀਆਂ ਅਤੇ ਦਰਿਆਵਾਂ ਰਾਹੀਂ ਵਹਿੰਦਾ ਹੈ । ਇਸ ਵਹਿੰਦੇ ਪਾਣੀ ਦੀ ਜਗ੍ਹ ਜਗ੍ਹ ਉੱਤੇ ਮਨੁੱਖ ਵੱਲੋਂ ਆਪਣੀਆਂ ਲੋੜਾਂ ਲਈ ਅਤੇ ਸਿੰਚਾਈ ਆਦਿ ਲਈ ਵਰਤੋ ਕੀਤੀ ਜਾਂਦੀ ਹੈ । ਬਾਕੀ ਜੋ ਪਾਣੀ ਦਰਿਆਵਾਂ ਵੱਚ ਅਣਵਰਤਿਆ ਰਹਿ ਜਾਂਦਾ ਹੈ ਉਹ ਫਿਰ ਸਮੁੰਦਰ ਦੇ ਪਾਣੀ ਵਿੱਚ ਹੀ ਮਿਲ ਜਾਂਦਾ ਹੈ । ਮਨੁੱਖਤਾ ਦਾ ਸਾਰਾ ਵਿਕਾਸ ਨਦੀਆਂ, ਝਰਨਿਆ ਅਤੇ ਦਰਿਆਵਾਂ ਦੇ ਕੰਢੇ ਤੇ ਹੋਇਆ। ਪਾਣੀ, ਮਨੁੱਖੀ ਜੀਵਨ ਅਤੇ ਬਨਸਪਤੀ ਲਈ ਬਹੁਤ ਜਰੂਰੀ ਹੈ। ਕੋਈ ਵੀ ਸੱਭਿਅਤਾ ਪਾਣੀ ਤੋਂ ਬਿਨਾਂ ਨਾ ਹੀ ਜਿੰਦਾ ਰਹਿ ਸਕਦੀ ਹੈ ਨਾ ਹੀ ਵਿਕਾਸ ਕਰ ਸਕਦੀ ਹੈ ।

ਮਨੁੱਖ ਨੂੰ ਜਦੋਂ ਇਹ ਗਿਆਨ ਹੋਇਆ ਕਿ ਪਾਣੀ ਧਰਤੀ ਦੇ ਥੱਲੇ ਵੀ ਹੈ ਤਾਂ ਉਸਨੇ ਵੱਖ ਵੱਖ ਤਰੀਕਿਆਂ ਨਾਲ ਜਿਵੇਂ ਕਿ ਖੂਹ ਆਦਿ ਨਾਲ ਪਾਣੀ ਨੂੰ ਧਰਤੀ ਦੇ ਥੱਲੋਂ ਕੱਢ ਕੇ ਆਪਣੀ ਵਰਤੋਂ ਵਿੱਚ ਲਿਆਉਣਾ ਸਿੱਖ ਲਿਆ। ਇਹ ਪਾਣੀ ਬਹੁਤ ਹੀ ਸਾਫ ਤੇ ਅੱਵਲ ਦਰਜੇ ਦਾ ਹੁੰਦਾ ਹੈ ਕਿਉਂਕਿ ਇਸ ਦੀ ਸਫਾਈ ਲਈ ਕੁਦਰਤ ਵੱਲੋਂ ਸੈਂਕੜੇ ਹਜ਼ਾਰਾਂ ਸਾਲ ਲੱਗੇ ਸਨ। ਜੇਕਰ ਇਸ ਪਾਣੀ ਦੀ ਵਰਤੋਂ ਲੋੜ ਅਨੁਸਾਰ ਅਤੇ ਸਮਝਦਾਰੀ ਨਾਲ ਕੀਤੀ ਜਾਂਦੀ ਤਾਂ ਇਸ ਨਾਲ ਕੋਈ ਦਿੱਕਤ ਨਹੀਂ ਸੀ। ਪ੍ਰੰਤੂ ਪਿਛਲੇ ਲਗਭਗ 100 ਸਾਲਾਂ ਤੋਂ ਇਸ ਜਮੀਨੀ ਪਾਣੀ ਨੂੰ ਮਕੈਨੀਕਲੀ ਪੰਪਾਂ ਅਤੇ ਮੋਟਰਾਂ ਰਾਹੀਂ ਬਹੁਤ ਹੀ ਵੱਡੀ ਪੱਧਰ ਉੱਤੇ ਕੱਢ ਕੇ ਖੇਤੀ ਦੀਆਂ ਫਸਲਾਂ ਦੀ ਸਿੰਜਾਈ ਅਤੇ ਉਦਯੋਗ ਲਈ ਵਰਤਿਆ ਜਾਣ ਲੱਗਾ। ਜਿੰਨਾ ਪਾਣੀ ਹਰ ਸਾਲ ਕੁਦਰਤੀ ਤੌਰ ਤੇ ਮੀਹ ਰਾਹੀਂ ਧਰਤੀ ਵਿੱਚ ਰਿਸਦਾ ਹੈ ਉਸ ਤੋਂ ਕਈ ਗੁਣਾ ਪਾਣੀ ਧਰਤੀ ਵਿੱਚੋਂ ਮੋਟਰਾਂ ਤੇ ਪੰਪਾਂ ਨਾਲ ਕੱਢਿਆ ਜਾਣ ਲੱਗਿਆ। ਜਿਸ ਦੇ ਫਲਸਰੂਪ ਜਮੀਨੀ ਪਾਣੀ ਦਾ ਪੱਧਰ ਹਰ ਸਾਲ ਵੱਡੀ ਪੱਧਰ ਉੱਤੇ ਥੱਲੇ ਜਾਣ ਲੱਗ ਗਿਆ। ਇਸ ਤੋਂ ਇਲਾਵਾ ਖੇਤੀ ਵਿੱਚ ਰਸਾਇਣਾ ਅਤੇ ਖਾਦਾਂ ਦੀ ਵਰਤੋਂ ਕਾਰਨ ਅਤੇ ਉਦਯੋਗਾਂ ਵਿੱਚੋਂ ਨਿਕਲਣ ਵਾਲੇ ਜਿਹਰੀਲੇ ਰਸਾਇਣਾ ਦਾ ਜਮੀਨੀ ਪਾਣੀ ਵਿੱਚ ਘੁੱਲਣ ਕਰਕੇ ਜਮੀਨੀ ਪਾਣੀ ਦੇ ਪ੍ਰਦੂਸ਼ਤ ਹੋਣ ਦੀਆਂ ਵਿਗਿਆਨੀਆਂ ਵੱਲੋਂ ਰਿਪੋਰਟਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਸਾਵਧਾਨ ਕੀਤਾ ਜਾ ਰਿਹਾ ਹੈ ਕਿ ਜੇਕਰ ਆਉਣ ਵਾਲੇ ਸਮੇਂ ਵਿੱਚ ਇਸ ਤਰ੍ਹਾਂ ਹੀ ਚੱਲਦਾ ਰਿਹਾ ਤਾਂ ਬਹੁਤ ਜਲਦੀ ਪੀਣ ਯੋਗ ਜਮੀਨੀ ਪਾਣੀ ਖਤਮ ਹੋ ਜਾਵੇਗਾ ਅਤੇ ਪ੍ਰਦੂਸ਼ਿਤ ਹੋ ਜਾਵੇਗਾ। ਖਾਸ ਤੌਰ ਉਤੇ ਸਾਡੇ ਪੰਜਾਬ,ਜਿਸ ਨੂੰ ਕਿ ਪੰਜ ਦਰਿਆਵਾਂ ਦੀ ਧਰਤੀ ਕਿਹਾ ਗਿਆ ਹੈ, ਦੇ ਵਿੱਚ ਜਮੀਨ ਤੋਂ ਹੇਠਲਾ ਪਾਣੀ ਪਿਛਲੇ ਲਗਭਗ 50 ਸਾਲਾਂ ਤੋਂ ਬਹੁਤ ਥੱਲੇ ਜਾ ਰਿਹਾ ਹੈ। ਜੋ ਕਿ ਬਹੁਤ ਹੀ ਚਿੰਤਾ ਵਾਲੀ ਗੱਲ ਹੈ। ਇਸ ਤੋਂ ਇਲਾਵਾ ਮਨੁੱਖੀ ਜੀਵਨ ਸ਼ੈਲੀ ਦੇ ਵਿਕਾਸ ਨਾਲ ਘਰਾਂ ਤੇ ਦਫਤਰਾਂ ਵਿੱਚ ਪਾਣੀ ਦੀ ਪ੍ਰਤੀ ਵਿਅਕਤੀ ਖਪਤ ਪਹਿਲਾਂ ਨਾਲੋਂ ਬਹੁਤ ਵੱਧ ਗਈ ਹੈ। ਜਿਸ ਕਰਕੇ ਜਿਸ ਜਮੀਨੀ ਪਾਣੀ ਉੱਤੇ ਹੋਰ ਦਬਾਅ ਵਧਿਆ ਹੈ। ਇਸ ਤੋਂ ਇਲਾਵਾ ਘਰਾਂ ਦੇ ਵਿਹੜੇ, ਜੋ ਪਹਿਲਾਂ ਕੱਚੇ ਹੁੰਦੇ ਸਨ, ਉਹ ਹੁਣ ਪੱਕੇ ਹੋ ਗਏ ਹਨ। ਸੜਕਾਂ ਅਤੇ ਬਾਜ਼ਾਰਾਂ ਦੇ ਨਾਲ ਲੱਗਦੇ ਫੜ ਵੀ ਪੱਕੇ ਹੋ ਗਏ ਹਨ ।ਕੁਦਰਤੀ ਛੱਪੜਾਂ ਦੀ ਗਿਣਤੀ ਘਟ ਗਈ ਹੈ ਅਤੇ ਉਹਨਾਂ ਉੱਤੇ ਨਜਾਇਜ਼ ਕਬਜ਼ੇ ਅਤੇ ਉਸਾਰੀ ਹੋਣ ਕਾਰਨ ਉਹਨਾਂ ਦਾ ਖੇਤਰਫਲ ਵੀ ਘੱਟ ਗਿਆ ਹੈ। ਇਸ ਦੇ ਫਲਸਰੂਪ ਬਰਸਾਤੀ ਪਾਣੀ ਪਹਿਲਾਂ ਨਾਲੋਂ ਘੱਟ ਮਾਤਰਾ ਵਿੱਚ ਧਰਤੀ ਵਿੱਚ ਰਿਸਦਾ ਹੈ

ਇਹ ਸਾਡੀ ਸਾਰਿਆਂ ਦੀ ਸਾਂਝੀ ਸਮੱਸਿਆ ਹੈ । ਇਸ ਵਿੱਚ ਸਰਕਾਰਾਂ,ਸਮਾਜਸੇਵੀ ਸੰਸਥਾਵਾਂ ਅਤੇ ਆਮ ਜਨਤਾ ਨੂੰ ਵੀ ਆਪਣੇ ਪੱਧਰ ਉੱਤੇ ਉਪਰਾਲੇ ਕਰਨ ਦੀ ਸਖਤ ਜਰੂਰਤ ਹੈ । ਆਉਣ ਵਾਲੇ ਸਮੇਂ ਵਿੱਚ ਪੀਣ ਵਾਲੇ ਦੀ

ਘਾਟ,ਬਹੁਤ ਸਾਰੀਆਂ ਬਿਮਾਰੀਆਂ, ਲੜਾਈਆਂ ਅਤੇ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ। ਇਸ ਸਬੰਧੀ ਵਿਸ਼ਵ ਪੱਧਰ ਉੱਤੇ ਵੀ ਇਸ ਸਮੱਸਿਆ ਨੂੰ ਬਹੁਤ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ ।ਇਸੇ ਸਮੱਸਿਆ ਸਬੰਧੀ ਜਨਤਾ ਅਤੇ ਸਰਕਾਰਾਂ ਨੂੰ ਜਾਗ੍ਰਿਤ ਕਰਨ ਲਈ ਅਤੇ ਲੋੜੀਂਦੇ ਉਪਰਾਲੇ ਕਰਨ ਲਈ ਵਿਸ਼ਵ ਪੱਧਰ ਉੱਤੇ 22 ਮਾਰਚ ਨੂੰ ਵਿਸ਼ਵ ਪਾਣੀ ਸੰਭਾਲ ਦਿਵਸ ਦੇ ਤੌਰ ਤੇ ਮਨਾਇਆ ਜਾਂਦਾ ਹੈ। ਇਸ ਸਬੰਧੀ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਪਾਣੀ ਦੀ ਵੱਧ ਤੋਂ ਵੱਧ ਬੱਚਤ ਕਰੀਏ, ਇਸ ਨੂੰ ਅਜਾਈਂ ਜਾਣ ਤੋਂ ਬਚਾਈਏ ਅਤੇ ਇਸ ਦੀ ਸਾਂਭ ਸੰਭਾਲ ਕਰੀਏ। ਇਹ ਠੀਕ ਹੈ ਕਿ ਇਸ ਨੂੰ ਸਰਕਾਰਾਂ ਦੇ ਪੱਧਰ ਉੱਤੇ ਵੀ ਬਹੁਤ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ ਜੋ ਕਿ ਅਜੇ ਤੱਕ ਨਹੀਂ ਲਿਆ ਗਿਆ। ਪ੍ਰੰਤੂ ਫਿਰ ਵੀ ਅੱਜ ਕੱਲ੍ਹ ਆਮ ਜਨਤਾ ਵੀ ਇਸ ਪ੍ਰਤੀ ਸੁਚੇਤ ਹੋ ਗਈ ਹੈ। ਜਿਵੇਂ ਕਿ ਦਿੱਲੀ ਵਿੱਚ ਜਮਨਾ ਲਈ ਅਤੇ ਯੂਪੀ ਵਿੱਚ ਗੰਗਾ ਦੀ ਸਫਾਈ ਲਈ,ਪੰਜਾਬ ਵਿੱਚ ਬੁੱਢੇ ਨਾਲੇ ਲਈ ਜਨਤਾ ਵੱਲੋਂ ਸਰਕਾਰਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਰੋਸ ਦਿਖਾ ਕੇ ਆਪਣੀ ਸਮੱਸਿਆ ਦੱਸੀ ਜਾਣ ਲੱਗੀ ਹੈ । ਹੁਣ ਸਰਕਾਰਾਂ ਵੱਲੋਂ ਵੀ ਸ਼ਹਿਰਾਂ ਦੇ ਸੀਵਰੇਜ ਦੇ ਪਾਣੀ ਨੂੰ ਸਾਫ ਕਰਕੇ ਸਿੰਜਾਈ ਲਈ ਵਰਤਣ ਦੇ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਪਿੰਡਾਂ ਵਿੱਚ ਵੀ ਛੱਪੜਾਂ ਨੂੰ ਸਾਫ ਸਫਾਈ ਕਰਕੇ ਉਹਨਾਂ ਨੂੰ ਵੱਧ ਪਾਣੀ ਸੰਭਾਲਣ ਅਤੇ ਕੰਢੀ ਖੇਤਰ ਵਿੱਚ ਚੈੱਕ ਡੈਮ ਵਰਗੇ ਯਤਨ ਕੀਤੇ ਜਾ ਰਹੇ ਹਨ ਜੋ ਕਿ ਅਜੇ ਵੀ ਨਾਕਾਫ਼ੀ ਹਨ। ਪ੍ਰੰਤੂ ਇਸ ਦੇ ਨਾਲ ਨਾਲ ਸਾਨੂੰ ਸਾਰਿਆਂ ਨੂੰ ਵੀ ਸੁਚੇਤ ਹੋਣ ਦੀ ਜਰੂਰਤ ਹੈ ਅਸੀਂ ਜੋ ਕੰਮ ਕਰ ਸਕਦੇ ਹਾਂ ਉਹ ਸਾਨੂੰ ਜਰੂਰ ਕਰਨੇ ਚਾਹੀਦੇ ਹਨ।

ਇਸ ਸਬੰਧੀ ਕੁਝ ਸੁਝਾਓ ਹਨ ਜੇਕਰ ਅਸੀਂ ਉਨਾਂ ਨੂੰ ਮੰਨੀਏ ਤਾਂ ਕਾਫ਼ੀ ਹੱਦ ਤੱਕ ਇਸ ਸਮੱਸਿਆ ਨੂੰ ਹੱਲ ਕੀਤਾ ਜਾ ਸਕਦਾ ਹੈ :-

ਘਰਾਂ ਵਿੱਚ ਜਾਂ ਸਾਂਝੀ ਤੌਰ ਉੱਤੇ ਲੱਗੀਆਂ ਪਾਣੀ ਦੀਆਂ ਟੂੱਟੀਆਂ ਨੂੰ ਖੁੱਲ੍ਹੀਆਂ ਨਾ ਛੱਡੋ। ਆਪਣੇ ਘਰਾਂ ਵਿੱਚ ਕਾਰਾਂ,ਮੋਟਰਸਾਈਕਲਾਂ,ਸਕੂਟਰਾਂ,ਗੱਡੀਆਂ ਆਦ ਨੂੰ ਟੂਟੀ ਨਾਲ ਜੋੜ ਕੇ ਸਾਫ ਕਰਨ ਦੀ ਬਜਾਏ ਗਿੱਲੇ ਪੋਚੇ ਨਾਲ ਸਾਫ ਕੀਤਾ ਜਾਵੇ ਅਜਿਹਾ ਕਰਨ ਨਾਲ ਪਾਣੀ ਦੀ ਬੱਚਤ ਤਾਂ ਹੋਵੇਗੀ ਹੀ ਇਸ ਤੋਂ ਇਲਾਵਾ ਜੋ ਇਹਨਾਂ ਵਾਹਨਾਂ ਦੇ ਨਾਲ ਮਿੱਟੀ ਲੱਗੀ ਹੁੰਦੀ ਹੈ ਉਹ ਅੰਡਰਗਰਾਊਂਡ ਪਾਣੀ ਦੀਆਂ ਡਰੇਨਾਂ ਵਿੱਚ ਜਾ ਕੇ ਇਹਨਾਂ ਡਰੇਨਾਂ ਨੂੰ ਬੰਦ ਕਰ ਦਿੰਦੀ ਹੈ ।ਇਸ ਤੋਂ ਇਲਾਵਾ ਇਹ ਪਾਣੀ ਸੜਕਾਂ ਵਿੱਚ ਜਾ ਕੇ ਸੜਕਾਂ ਨੂੰ ਵੀ ਤੋੜਨ ਦਾ ਕਾਰਨ ਬਣਦਾ ਹੈ। ਆਪਣੇ ਘਰ ਦੇ ਵੇਹੜਿਆਂ ਅਤੇ ਛੱਤਾਂ ਆਦਿ ਨੂੰ ਵੀ ਪਾਣੀ ਦੀ ਪਾਈਪ ਨਾਲ ਧੋਣ ਦੀ ਬਜਾਏ ਸੁੱਕੇ ਝਾੜੂ ਜਾਂ ਪੋਚੇ ਦੀ ਵਰਤੋਂ ਕਰਨੀ ਚਾਹੀਦੀ ਹੈ। ਜੇਕਰ ਘਰ ਵਿੱਚ ਕੋਈ ਟੂਟੀ,ਟੈਂਕੀ ਜਾਂ ਟੈਂਕੀ ਦਾ ਓਵਰਫਲੋ ਵਾਲਵ ਖਰਾਬ ਹੈ ਜਿਸ ਕਾਰਨ ਪਾਣੀ ਲਗਾਤਾਰ ਲੀਕ ਕਰਦਾ ਹੈ ਉਸ ਨੂੰ ਤੁਰੰਤ ਠੀਕ ਕਰਵਾਇਆ ਜਾਵੇ। ਅਜਿਹਾ ਨਾ ਕਰਨ ਨਾਲ ਪ੍ਰਤੀ ਦਿਨ ਸੈਂਕੜੇ, ਹਜ਼ਾਰਾਂ ਲੀਟਰ ਪਾਣੀ ਬਰਬਾਦ ਹੁੰਦਾ ਹੈ। ਘਰਾਂ ਦੀ ਉਸਾਰੀ ਕਰਨ ਸਮੇਂ ਘਰਾਂ ਦੇ ਵੇਹੜੇ ਘੱਟ ਤੋਂ ਘੱਟ ਪੱਕੇ ਕੀਤੇ ਜਾਣ ਸਗੋਂ ਕੱਚੇ ਵੇਹਿੜ੍ਹਆਂ ਵਚ ਸਬਜ਼ੀਆਂ ਜਾਂ ਫੁੱਲ, ਬੂਟੇ ਆਦੀ ਲਗਾਏ ਜਾਣ।

ਘਰਾਂ, ਦਫ਼ਤਰਾਂ, ਵਿੱਦਿਅਕ ਅਦਾਰਿਆਂ ਆਦਿ ਵਿੱਚ ਬਰਸਾਤੀ ਪਾਣੀ ਹਾਰਵੈਸਟਿੰਗ ਸਿਸਟਮ ਲਗਾਏ ਜਾਣ । ਸੜਕਾਂ ਦੇ ਕਿਨਾਰਿਆਂ ਉੱਤੇ, ਖਾਲੀ ਗਰਾਉਂਡਾਂ, ਖੇਤਾਂ ਦੀਆਂ ਵੱਟਾਂ ਆਦਿ ਉੱਤੇ ਵੱਧ ਤੋਂ ਵੱਧ ਦਰਖਤ ਲਗਾਏ ਜਾਣ। ਪਾਣੀ ਨੂੰ ਰੀਸਾਈਕਲ ਅਤੇ ਰੀਊਜ ਕਰਨ ਦੀ ਕੋਸ਼ਿਸ਼ ਕੀਤੀ ਜਾਵੇ, ਜਿਵੇਂ ਕਿ ਵਾਸ਼ਿੰਗ ਮਸ਼ੀਨ ਦਾ ਵੇਸਟ ਪਾਣੀ ਪੋਚੇ ਆਦਿ ਜਾਂ ਕਿਸੇ ਹੋਰ ਕੰਮ ਲਈ ਵਰਤਿਆ ਜਾ ਸਕਦਾ ਹੈ। ਇਸੇ ਤਰ੍ਹਾਂ ਰਸੋਈ ਦਾ ਵੇਸਟ ਪਾਣੀ ਘਰ ਵਿੱਚ ਫੁੱਲਾਂ ਅਤੇ ਹੋਰ ਸਜਾਵਟੀ ਬੂਟਿਆਂ ਦੀ ਸਿੰਚਾਈ ਵਾਸਤੇ ਕੰਮ ਆ ਸਕਦਾ ਹੈ। ਬੋਤਲਾਂ ਵਿੱਚ ਬੰਦ ਪਾਣੀ ਘੱਟ ਤੋਂ ਘੱਟ ਪੀਤਾ ਜਾਵੇ ਸਗੋਂ ਘਰ ਦਾ ਟੂਟੀ ਦਾ ਪਾਣੀ ਜਾਂ ਸਾਫ ਫਿਲਟਰ ਵਾਲਾ ਪਾਣੀ ਪੀਣ ਲਈ ਤਰਜੀਹ ਦਿੱਤੀ ਜਾਵੇ ਕਿਉਂਕਿ ਡਿਸਪੋਜਬਲ ਬੋਤਲਾਂ ਅਤੇ ਕੱਪ ਪਲੇਟਾਂ ਆਦਿ ਬਣਾਉਣ ਲਈ ਉਦਯੋਗਾਂ ਵਿੱਚ ਬਹੁਤ ਜਿਆਦਾ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ।

ਖੇਤਾਂ ਵਿੱਚ ਅਜਿਹੀਆਂ ਫਸਲਾਂ ਉਗਾਈਆਂ ਜਾਣ ਜੋ ਕਿ ਘੱਟ ਪਾਣੀ ਲੈਂਦੀਆਂ ਹਨ ਜਿਵੇਂ ਕਿ ਝੋਨੇ ਦੀ ਥਾਂ ਮੱਕੀ ਕਪਾਹ ਆਦ।

ਅੰਤ ਵਿੱਚ ਸਾਰਿਆਂ ਨੂੰ ਇਹੀ ਅਪੀਲ ਹੈ ਕਿ ਜੇਕਰ ਅਸੀਂ ਇਸ ਪ੍ਰਤੀ ਸੁਚੇਤ ਹੋ ਜਾਈਏ ਤਾਂ ਪਾਣੀ ਦੀ ਬੱਚਤ ਵਾਸਤੇ ਅਸੀਂ ਆਪਣੀ ਪੱਧਰ ਉੱਤੇ ਹੀ ਬਹੁਤ ਤਰੀਕੇ ਲੱਭ ਲਵਾਂਗੇ ਜਿਸ ਨਾਲ ਕਿ ਸਾਡੀ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਪਾਣੀ ਦੀ ਬਹੁਤ ਬੱਚਤ ਹੋਵੇਗੀ ਅਤੇ ਅਸੀਂ ਦੂਜਿਆਂ ਨੂੰ ਵੀ ਇਸ ਸਬੰਧੀ ਪ੍ਰੇਰਿਤ ਕਰ ਸਕਦੇ ਹਾਂ। ਸੋ ਆਓ ਅੱਜ ਅਸੀਂ ਸਾਰੇ ਵਿਸ਼ਵ ਪਾਣੀ ਸੰਭਾਲ ਦਿਵਸ ਉੱਤੇ ਇਹ ਮਨ ਬਣਾਈਏ ਕਿ ਹਰ ਕੰਮ ਕਰਦੇ ਸਮੇਂ ਇਹ ਧਿਆਨ ਚ ਰੱਖੀਏ ਕਿ ਜਿਸ ਤਰੀਕੇ ਨਾਲ ਪਾਣੀ ਦੀ ਬੱਚਤ ਹੋ ਸਕਦੀ ਹੈ ਅਸੀਂ ਉਸ ਤਰੀਕੇ ਨਾਲ ਹੀ ਆਪਣੀ ਰੋਜਾਨਾ ਦੀ ਜ਼ਿੰਦਗੀ ਵਿੱਚ ਛੋਟੇ ਛੋਟੇ ਕੰਮ ਕਰਦੇ ਹੋਏ ਦਫਤਰਾਂ,ਖੇਤੀਬਾੜੀ, ਕਾਰੋਬਾਰ, ਸੈਰ ਸਪਾਟੇ, ਵਿਆਹਾਂ ਅਤੇ ਹੋਰ ਸਮਾਗਮਾਂ ਵਿੱਚ ਵੀ ਪਾਣੀ ਦੀ ਬੱਚਤ ਦਾ ਧਿਆਨ ਰੱਖੀਏ।



ਕਵਿਤਾ

ਨਿਅਤੀ (ਹਿੰਦੀ)

ਹਰਭਜਨ ਕੌਰ ਮੁੰਦਰਾ
ਨਵੀਂ ਦਿੱਲੀ

ਜ਼ੰਜੀਰੋਂ ਮੇਂ ਬੰਧੇ ਕੁੱਤੇ ਕੋ ਦੇਖਾ ਥਾ,
ਅਬ ਵਹ ਬਿਨਾ ਬੰਧੇ ਭੀ,
ਵਹੀ ਖੜ੍ਹਾ ਰਹਨੇ ਕਾ ਆਦੀ ਹੋ ਗਿਆ ਹੈ।
ਉਸ ਬੇਜੁਬਾਨ ਨੇ ਅਪਨੇ ਹਾਲਾਤ ਕੋ,
ਸਵੀਕਾਰ ਕਰ ਲਿਆ ਹੈ।
ਹਮ ਇਨਸਾਨ ਭੀ ਤੋ ਯਹੀ ਕਰਤੇ ਹੈਂ,
ਨਾ ਬਦਲਨੇਵਾਲੀ ਪਰਿਸਥਿਤੀ ਕੋ ਸਵੀਕਾਰ ਕਰਤੇ ਹੈਂ।
ਕਿਆ ਫ਼ਰਕ ਹੈ ਉਸ ਬੇਜੁਬਾਨ ਔਰ
ਹਮ ਜੁਬਾਨ ਵਾਲੋਂ ਮੇਂ।
ਦੋਨੋ ਹੀ ਅਪਨੀ ਗੁਲਾਮੀ ਕੋ,
ਅਪਨੀ ਕਮਜ਼ੋਰੀ ਸਮਝ ਲੇਤੇ ਹੈਂ।
ਚਾਹ ਕਰ ਭੀ ਉਸ ਦਾਇਰੇ ਸੇ,
ਬਾਹਰ ਨਹੀਂ ਨਿਕਲਨਾ ਚਾਹਤੇ।
ਹਮੇਂ ਡਰ ਹੈ ਪ੍ਰਤਾੜਨਾ ਕਾ,
ਇਸ ਲਿਏ ਲੜਾਈ ਸੇ ਪਹਲੇ ਹੀ,
ਹਾਰ ਸਵੀਕਾਰ ਕਰ ਲੇਤੇ ਹੈਂ,
ਇਸੇ ਹੀ ਈਸ਼ਵਰ ਕੀ ਨਿਅਤੀ ਸਮਝ ਲੇਤੇ ਹੈਂ।

❋ ❋ ❋ ❋ ❋

ਮੁਕਾਮ ਤੇਰੇ ਸਮਾਨੇ ਹੌਸਲਾ ਰੱਖ,
ਔਰ ਪਹੁੰਚ ਜਾ ਸਿਖਰ ਪਰ
ਪਰਵਰਦੀਗਾਰ ਕਾ ਸ਼ੁਕਰ ਕਰ, ਤੋੜ ਕੁੰਠਾਉਂ ਦੀ ਦੀਵਾਰ
ਜ਼ਿੰਦਗੀ ਕੀ ਰਾਹ ਮੇਂ, ਮਿਲਤਾ ਸਭ ਕੋ ਅਵਸਰ,
ਪਰ ਜੋ ਸੋਤੇ ਰਹੇ, ਨਹੀਂ ਪਹੁੰਚਤੇ ਅਕਸਰ।

*ਲੇਖਿਕਾ ਮੁੰਦਰਾ ਪਰਿਵਾਰ ਨਾਲ ਸਬੰਧਿਤ ਹੈ। ਉਹ ਪੰਜਾਬੀ ਅਤੇ ਹਿੰਦੀ ਭਾਸ਼ਾਵਾਂ ਦੀ ਲਿਖਾਰੀ ਹੈ। ਉਹ ਦਿੱਲੀ ਸਰਕਾਰ ਦੇ ਸਿੱਖਿਆ ਵਿਭਾਗ 'ਚੋਂ ਅਧਿਆਪਕਾ ਵਜੋਂ ਸੇਵਮੁਕਤ ਹੈ।



ਗਜ਼ਲ

ਗੁਰਦੀਪ ਸਿੰਘ ਸੈਣੀ
ਬੰਗਾ

ਜ਼ਮਾਨੇ ਨੇ ਕਦ ਉਹ ਡੁਬੋਏ ਨਹੀਂ,
ਇਰਾਦੇ ਜਿਨ੍ਹਾਂ ਦੇ ਨਰੋਏ ਨਹੀਂ।
ਕਿਸੇ ਦਿਲ 'ਚ ਤਾਂ ਹੀ ਸਮਾਅ ਨਾ ਸਕੇ,
ਅਸੀਂ ਐਬ ਅਪਣੇ ਲੁਕੋਏ ਨਹੀਂ।
ਕਿਸੇ ਦੇ ਬੜੇ ਖ਼ੁਆਬ ਦੇਖੇ ਮਗਰ,
ਕਿਸੇ ਦਾ ਅਸੀਂ ਖ਼ੁਆਬ ਹੋਏ ਨਹੀਂ।
ਉਨ੍ਹਾਂ ਕੌਲ ਕੀਤਾ ਸੀ ਮੁੜ ਆਣ ਦਾ,
ਅਸੀਂ ਬਾਰ ਅੱਜ ਤੀਕ ਢੋਏ ਨਹੀਂ।
ਕਿਵੇਂ ਜ਼ੁਲਮ ਦੇ ਸਾਮ੍ਹਣੇ ਚੁੱਪ ਨੇ,
ਜ਼ਮੀਰੋਂ ਜੇ ਲੋਕੀਂ ਇਹ ਮੋਏ ਨਹੀਂ।
ਅਜੇਹੇ ਦਲੇਰਾਂ ਨੂੰ ਕੀ ਮੈਂ ਕਹਾਂ?
ਜੋ ਜ਼ਾਲਿਮ ਦੇ ਅੱਗੇ ਖਲੋਏ ਨਹੀਂ।
ਤੇਰਾ ਇਸ਼ਕ ਤੇਰੇ ਲਈ ਭਾਰ ਹੈ,
ਜੇ ਤੂੰ ਹੁਸਨ ਦੇ ਨਾਜ਼ ਢੋਏ ਨਹੀਂ।
ਲੋਕਾਈ ਦੇ ਗ਼ਮ 'ਤੇ ਕਹੀ ਹਰ ਗ਼ਜ਼ਲ,
ਅਸੀਂ ਰੋਣੇ ਆਪਣੇ ਹੀ ਰੋਏ ਨਹੀਂ।
ਦੁਖੀ ਉਸ ਨੂੰ ਕਰਦੀ ਮੇਰੀ ਚੜ੍ਹਤ ਵੀ,
ਉਦ੍ਹੇ ਆਪਣੇ ਰਾਹ ਦੇ ਹੀ ਟੋਏ ਨਹੀਂ।
ਮੇਰੇ ਮਿਹਰਬਾਨਾਂ ਨੇ 'ਸੈਣੀ' ਕਦੋਂ?
ਮੇਰੀ ਪਿੱਠ 'ਚ ਖ਼ੰਜਰ ਖੁਭੋਏ ਨਹੀਂ।

❋ ❋ ❋ ❋ ❋

ਮੈਂ ਬੇਗਾਨੀ ਆਸ 'ਤੇ ਤੁਰਤਾ ਨਹੀਂ।
ਜਾਗਦਾ ਕਿਰਦਾਰ ਹਾਂ, ਮੁਰਦਾ ਨਹੀਂ।
ਕਰਮ ਨੂੰ ਹੀ ਧਰਮ ਸਮਝਾਂ ਆਪਣਾ,
ਚਮਕਦੀ ਤਕਦੀਰ ਨੂੰ ਝੁਰਦਾ ਨਹੀ।
ਇੱਕ ਖੁਦਾ ਦੀ ਬੰਦਗੀ ਨੂੰ ਛੱਡ ਕੇ,
ਸਾਥ ਬੰਦੇ ਦਾ ਕੋਈ ਧੁਰ ਦਾ ਨਹੀਂ।
ਸ਼ਾਇਰੀ ਦੇ ਨਾਲ ਧੋਖਾ ਨਾ ਕਮਾ,
ਜੇ ਸਚਾਈ ਕਹਿਣ ਦਾ ਗੁਰਦਾ ਨਹੀਂ



ਅੱਜ ਵਿੱਚ ਜਿਉਣਾ ਸਿੱਖੋ

ਡਾ. ਰਣਜੀਤ ਸਿੰਘ (ਤੰਬੜ)
ਲੁਧਿਆਣਾ

ਸਾਡੇ ਦੇਸ਼ ਵਿੱਚ ਧਰਮ ਦਾ ਪ੍ਰਭਾਵ ਬਹੁਤ ਹੈ। ਸ਼ਾਇਦ ਹੀ ਕੋਈ ਅਜਿਹਾ ਪਰਿਵਾਰ ਹੋਵੇਗਾ ਜਿਹੜਾ ਧਾਰਮਿਕ ਰਸਮਾਂ ਨਾ ਕਰਦਾ ਹੋਵੇ। ਪਰ ਪੂਜਾ ਪਾਠ ਆਪਣੇ ਆਪ ਨੂੰ ਸੁਧਾਰ ਕੇ ਚੰਗਾ ਜੀਵਨ ਜਿਉਣ ਲਈ ਨਹੀਂ ਸਗੋਂ ਭਵਿੱਖ ਨੂੰ ਜਾਂ ਅਗਲੇ ਜੀਵਨ ਨੂੰ ਵਧੀਆ ਬਣਾਉਣ ਲਈ ਕੀਤੇ ਜਾਂਦੇ ਹਨ। ਅਸੀਂ 'ਹੁਣ' ਵਿੱਚ ਬਹੁਤ ਘੱਟ ਜਿਉਂਦੇ ਹਾਂ। ਹਮੇਸ਼ਾਂ ਭੂਤ ਦੀਆਂ ਯਾਦਾਂ ਤੇ ਭਵਿੱਖ ਡਰ ਵਿੱਚ ਹੀ ਉਲਝੇ ਰਹਿੰਦੇ ਹਾਂ। ਅਜਿਹਾ ਕਰਮ ਸਾਥੋਂ ਮਨ ਕਰਵਾਉਂਦਾ ਹੈ। ਇਹ ਬੜਾ ਚੰਚਲ ਹੈ। ਇਹ 'ਹੁਣ' ਵਿੱਚ ਤਾਂ ਟਿਕਦਾ ਹੀ ਨਹੀਂ। ਤੁਸੀਂ ਕਿਸੇ ਸਮਾਗਮ ਵਿੱਚ ਬੈਠੇ ਹੋਵੋਂ, ਤਾਂ ਭਾਸ਼ਣ ਨੂੰ ਸੁਣਨ ਦਾ ਯਤਨ ਕਰਦੇ ਹੋ, ਪਰ ਮਨ ਤੁਹਾਡੀ ਬਿਰਤੀ ਨੂੰ ਉੱਥੇ ਟਿਕਣ ਹੀ ਨਹੀਂ ਦਿੰਦਾ। ਉਹ ਹੋਰ ਦਾ ਹੋਰ ਕਿਤੇ ਲੈ ਜਾਂਦਾ ਹੈ। ਕਈ ਵਾਰੀ ਮਨ ਤੁਹਾਨੂੰ ਗਲਤ ਰਾਹਾਂ 'ਤੇ ਲੈ ਜਾਂਦਾ ਹੈ। ਤੁਹਾਨੂੰ ਪਤਾ ਹੁੰਦਾ ਹੈ ਕਿ ਗਲਤ ਹੋ ਰਿਹਾ ਹੈ, ਪਰ ਮਨ ਸਮਝਾਉਂਦਾ ਹੈ ਕਿ ਅਜਿਹਾ ਕੁੱਝ ਨਹੀਂ ਹੈ ਤੇ ਤੁਸੀਂ ਉਨ੍ਹਾਂ ਰਾਹਾਂ ਵਿੱਚ ਹੀ ਉਲਝ ਜਾਂਦੇ ਹੋ।

ਸਾਰੀ ਉਮਰ ਮਿਹਨਤ ਕਰਦੇ ਹਾਂ ਤਾਂ ਜੋ ਭਵਿੱਖ ਲਈ ਘਰ ਬਣ ਜਾਵੇ ਤੇ ਪੈਸੇ ਇਕੱਠੇ ਹੋ ਜਾਣ। 'ਹੁਣ' ਨੂੰ ਜਿਉਣ ਦਾ ਮੌਕਾ ਹੀ ਨਹੀਂ ਮਿਲਦਾ। ਜੇਕਰ ਅਜਿਹਾ ਕਰਨ ਦਾ ਕਦੇ ਯਤਨ ਵੀ ਕਰਦੇ ਹਾਂ ਤਾਂ ਮਨ ਭਾਰੂ ਹੋ ਜਾਂਦਾ ਹੈ। ਪੈਸੇ ਨੂੰ ਪਿਛਲੀ ਉਮਰ ਲਈ ਸੰਭਾਲ ਕੇ ਰਖਦੇ ਹਾਂ, ਹਾਲਾਂਕਿ ਮਨੁੱਖ ਇਹ ਵੀ ਪਤਾ ਨੀ ਹੁੰਦਾ ਕਿ ਪਿਛਲੀ ਉਮਰ ਨੇ ਆਉਣਾ ਭੀ ਹੈ ਕਿ ਨਹੀਂ। ਅਸੀਂ ਹਮੇਸ਼ਾਂ ਭਵਿੱਖ ਦੇ ਫ਼ਿਕਰ ਵਿੱਚ ਹੀ ਘਿਰੇ ਰਹਿੰਦੇ ਹਾਂ। ਭਾਵੇਂਕਿ ਅਸੀਂ ਜਾਣਦੇ ਹਾਂ ਕਿ ਕੱਲ੍ਹ ਨੇ ਕਦੇ ਨਹੀਂ ਆਉਣਾ। ਸਾਡੇ ਵਿੱਚੋਂ ਬਹੁਤੇ ਆਪਣੇ ਮਨ ਦੇ ਕਾਬੂ ਵਿੱਚ ਰਹਿੰਦੇ ਹਨ। ਜਦੋਂ ਤੱਕ ਤੁਸੀਂ ਮਨ ਅਧੀਨ ਹੋ, ਉਦੋਂ ਤੱਕ 'ਹੁਣ' ਭਾਵ 'ਅੱਜ' ਨੂੰ ਮਾਣਿਆਂ ਨਹੀਂ ਜਾ ਸਕਦਾ।

ਗੁਰਬਾਣੀ ਦਾ ਫੁਰਮਾਣ ਹੈ, ''ਨਾਨਕ ਗਿਆਨੀ ਜਗੁ ਜੀਤਾ ਜਗਿ ਜੀਤਾ ਸਭੁ ਕੋਇ'' ਇਸ ਦਾ ਅਰਥ ਹੈ ਕਿ ਇਸ ਸੰਸਾਰ ਦੇ ਕਾਰੋਬਾਰ ਨੇ ਸਭਨਾਂ ਨੂੰ ਆਪਣੇ ਕਾਬੂ ਵਿੱਚ ਕੀਤਾ ਹੋਇਆ ਹੈ। ਕੇਵਲ ਗਿਆਨੀ ਹੀ ਇਸ ਚਮਕ ਦਮਕ ਤੋਂ ਪ੍ਰਭਾਵਿਤ ਨਹੀਂ ਹੁੰਦਾ। ਇੰਝ ਉਸ ਨੇ ਜੱਗ ਨੂੰ ਜਿੱਤ ਲਿਆ ਹੈ। ਗੁਰੂ ਸਾਹਿਬ ਸਾਨੂੰ ਇਹ ਵੀ ਸੋਝੀ ਦਿੰਦੇ ਹਨ ਕਿ ਜਗਤ ਨੂੰ ਉਹ ਹੀ ਜਿੱਤ ਸਕਦਾ ਹੈ ਜਿਸ ਨੇ ਆਪਣੇ ਮਨ ਨੂੰ ਜਿੱਤਿਆ ਹੋਇਆ ਹੈ। ਭਾਵ ਜਿਸ ਦਾ ਮਨ ਉਸ ਦੇ ਕਾਬੂ ਵਿੱਚ ਹੈ। ਜਿਹੜਾ ਮਨੁੱਖ ਮਨ ਦੇ ਕਾਬੂ ਵਿੱਚ ਹੈ ਉਹ ਕਦੇ ਵੀ ਸੰਤ ਜਾਂ ਗਿਆਨੀ ਨਹੀਂ ਬਣ ਸਕਦਾ।

ਮਨੁੱਖ ਜਦੋਂ ਮਨ ਦੇ ਕਾਬੂ ਵਿੱਚ ਹੁੰਦਾ ਹੈ ਉਦੋਂ ਹੀ ਗ਼ਲਤ ਕੰਮ ਕਰਦਾ ਹੈ, ਰਿਸ਼ਵਤ ਲੈਂਦਾ ਹੈ, ਨਾਜਾਇਜ਼ ਕਿਸੇ ਨੂੰ ਤੰਗ ਕਰਦਾ ਹੈ, ਬਦਲੇ ਦੀ ਭਾਵਨਾ ਰਖਦਾ ਹੈ। ਮਨ ਉੱਤੇ ਕਾਬੂ ਪਾਉਣ ਲਈ ਮਨੁੱਖ ਅਨੇਕਾਂ ਯਤਨ ਕਰਦਾ ਹੈ। ਉਹ ਸਰੀਰ ਨੂੰ ਤਕਲੀਫ਼ ਦਿੰਦਾ ਹੈ, ਤੀਰਥ ਯਾਤਰਾਵਾਂ ਕਰਦਾ ਹੈ, ਸੰਸਾਰ ਤਿਆਗ ਦਿੰਦਾ ਹੈ, ਬ੍ਰਹਮਚਾਰੀ ਬਣ ਜਾਂਦਾ ਹੈ ਪਰ ਆਮ ਤੌਰ 'ਤੇ ਉਹ ਮਨ ਉੱਤੇ ਕਾਬੂ ਪਾਉਣ ਦੀ ਥਾਂ ਸਗੋਂ ਉਸ ਦੇ ਕਾਬੂ ਵਿੱਚ ਆ ਜਾਂਦਾ ਹੈ। ਸਰੀਰ ਨੂੰ ਮਿਲਣ ਵਾਲੀ ਖੁਸ਼ੀ, ਗ਼ਮੀ, ਦੁੱਖ, ਦਰਦ, ਤਕਲੀਫ਼ ਸਾਰੇ ਮਨ ਦੀ ਦੇਣ ਹਨ। ਜਿਹੜੇ ਮਹਾਂਪੁਰਸ਼ਾਂ ਨੇ ਦੁੱਖ ਤਕਲੀਫ਼ ਝੱਲ ਕੇ ਕੁਰਬਾਨੀਆਂ ਦਿੱਤੀਆਂ ਹਨ, ਉਨ੍ਹਾਂ ਨੇ ਆਪਣੇ ਮਨ ਨੂੰ ਜਿੱਤਿਆ ਹੋਇਆ ਸੀ। ਜਦੋਂ ਸਰੀਰ ਦਾ ਮਨ ਨਾਲੋਂ ਨਾਤਾ ਟੁੱਟ ਜਾਂਦਾ ਹੈ, ਉਦੋਂ ਹੀ ਉਸ ਵਿੱਚ ਕੁਰਬਾਨੀ ਦੇਣ ਅਤੇ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਲਈ ਸ਼ਕਤੀ ਆਉਂਦੀ। ਡਾਕਟਰ ਨੇ ਜਦੋਂ ਕੋਈ ਅਪਰੇਸ਼ਨ ਕਰਨਾ ਹੁੰਦਾ ਹੈ ਤਾਂ ਉਹ ਸਰੀਰ ਨੂੰ ਬੇਹੋਸ਼ ਕਰਦਾ ਹੈ, ਜਿਸ ਨਾਲ ਸਰੀਰ ਦਾ ਮਨ ਨਾਲੋਂ ਨਾਤਾ ਟੁੱਟ ਜਾਂਦਾ ਹੈ। ਫਿਰ ਡਾਕਟਰ ਜਿੰਨੀ ਮਰਜ਼ੀ ਚੀਰਫਾੜ ਕਰੇ ਸਰੀਰ ਨੂੰ ਦੁੱਖ ਮਹਿਸੂਸ ਨਹੀਂ ਹੁੰਦਾ। ਉਂਝ ਜੇਕਰ ਕਿਤੇ ਸੂਈ ਵੀ ਚੁਭ ਜਾਵੇ ਤਾਂ ਸਰੀਰ ਦਰਦ ਨਾਲ ਚੀਕਾਂ ਮਾਰਨ ਲਗਦਾ ਹੈ।

ਮਨ ਤੁਹਾਨੂੰ ਖੁਸ਼ੀ ਦੇ ਸਕਦਾ ਹੈ, ਪਰ ਆਨੰਦ ਨਹੀਂ ਦੇ ਸਕਦਾ। ਖੁਸ਼ੀ ਕਦੇ ਸਥਾਈ ਨਹੀਂ ਹੁੰਦੀ, ਇਹ ਜਾਂਦੀ ਹੈ ਤਾਂ ਇਹ ਦੁੱਖਾਂ ਨੂੰ ਪੱਲੇ ਪਾ ਕੇ ਝੁਰਨ ਲਈ ਛੱਡ ਜਾਂਦੀ ਹੈ। ਜਦੋਂਕਿ ਅਨੰਦ ਸਥਾਈ ਹੈ। ਇਹ ਉਦੋਂ ਹੀ ਪ੍ਰਾਪਤ ਹੁੰਦਾ ਹੈ ਜਦੋਂ ਮਨੁੱਖ ਮਨ ਦੀ ਮਤੜੀ ਤਿਆਗ ਦਿੰਦਾ ਹੈ। ਉਦੋਂ ਹੀ ਉਹ 'ਹੁਣ' ਨੂੰ ਮਾਣਦਾ ਹੈ। ਕੱਲ੍ਹ ਦਾ ਕਦੇ ਭਰੋਸਾ ਨਹੀਂ ਕੀਤਾ ਜਾ ਸਕਦਾ। ਪਿੱਛੇ ਵੇਖ ਝੁਰਿਆਂ ਦੁੱਖ ਹੀ ਮਿਲਦਾ ਹੈ। ਭਵਿੱਖ ਦਾ ਡਰ 'ਹੁਣ' ਭਾਵ ਵਰਤਮਾਨ ਨੂੰ ਮਾਨਣ ਵਿੱਚ ਅੜਿੱਕਾ ਬਣਦਾ ਹੈ। ਸੋਚੋ! ਕੱਲ੍ਹ ਕਦੇ ਨੀ ਆਉਣੀ 'ਹੁਣ' ਸਾਚ ਹੈ, ਇਸ ਨੂੰ ਮਾਣੋ, ਪ੍ਰਾਪਤੀਆਂ ਕਰੋ। ਮਨ ਦੀ ਨਾ ਸੁਣੋ। ਜੇਕਰ ਉਹ ਆਖਦਾ ਹੈ,'' ਕੱਲ੍ਹ ਕਿਹੜਾ ਸੂਰਜ ਨਹੀਂ ਚੜ੍ਹਨਾ''। ਕੱਲ੍ਹ ਦੇ ਸੂਰਜ ਦੀ ਉਡੀਕ ਸਦੀਵੀ ਬਣ ਜਾਂਦੀ ਹੈ ਕਿਉਂਕਿ ਕੱਲ੍ਹ ਤਾਂ ਕਦੇ ਆਉਂਦੀ ਹੀ ਨਹੀਂ। ਮਨ ਉੱਤੇ ਕਾਬੂ ਮਨੁੱਖ ਨੂੰ ਬੇਪ੍ਰਵਾਹ ਬਣਾ ਦਿੰਦਾ ਹੈ। ਬੇਪ੍ਰਵਾਹੀ ਦੇ ਆਲਮ ਵਿੱਚ ਹੀ ਦੁੱਖ-ਸੁੱਖ ਵੇਲੇ 'ਹੁਣ' ਦਾ ਅਨੰਦ ਮਾਣਿਆਂ ਜਾ ਸਕਦਾ ਹੈ।

ਰੌਕੀਫੈਲਰ ਫਾਊਂਡੇਸ਼ਨ ਅਮਰੀਕਾ ਦੀ ਇੱਕ ਸੰਸਥਾ ਹੈ ਜਿਹੜੀ ਸੰਸਾਰ ਵਿੱਚੋਂ ਗਰੀਬੀ, ਭੁੱਖ, ਬਿਮਾਰੀ ਅਤੇ ਅਨਪੜ੍ਹਤਾ ਦੂਰ ਕਰਨ ਦਾ ਕਾਰਜ ਕਰਦੀ ਹੈ। ਇਸ ਨੂੰ ਅਮਰੀਕਾ ਦੇ ਸਭ ਤੋਂ ਅਮੀਰ ਵਿਅਕਤੀ ਰੌਕੀਫੈਲਰ ਨੇ ਸਥਾਪਿਤ ਕੀਤਾ ਸੀ। ਉਹ ਜਦੋਂ ਪੰਜਾਹ ਕੁ ਸਾਲ ਦਾ ਸੀ ਤਾਂ ਬਿਮਾਰ ਰਹਿਣ ਲਗ ਪਿਆ। ਡਾਕਟਰਾਂ ਨੇ ਪਰਿਵਾਰ ਨੂੰ ਸਲਾਹ ਦਿੱਤੀ ਕਿ ਉਸ ਕੋਲ ਜ਼ਿੰਦਗੀ ਦਾ ਬਹੁਤ ਥੋੜ੍ਹਾ ਸਮਾਂ ਬਚਿਆ ਹੈ, ਇਸ ਲਈ ਉਸ ਨੂੰ ਵਪਾਰ ਦੇ ਝੰਜਟਾਂ ਵਿੱਚੋਂ ਕੱਢ

ਬਾਕੀ ਸਫ਼ਾ 27 'ਤੇ.....

ਅਮਰ ਸ਼ਹੀਦ ਬੀਬੀ ਸ਼ਰਨ ਕੌਰ ਦੀ ਜ਼ੀਵਨ ਦੀ ਗਾਥਾ ਦਾ ਸੱਚ

ਇਤਿਹਾਸ ਦਾ ਬਲਾਤਕਾਰ ਜਾਂ ਕਤਲ ਇੱਕ ਸਵਾਲ

ਸ਼ਮਿੰਦਰ ਸਿੰਘ
ਭੱਕੂਮਾਜਰਾ, ਰੂਪਨਗਰ



ਸ੍ਰੀ ਚਮਕੌਰ ਸਾਹਿਬ ਦੇ ਜੰਗੀ ਸਿੰਘ ਸ਼ਹੀਦਾਂ ਦਾ ਸਸਕਾਰ ਕਰਨ ਵਾਲੀ ਬੀਬੀ ਸ਼ਰਨ ਕੌਰ ਜੀ ਪਾਬਲਾ (ਰਾਏਪੁਰ) ਦੀ ਬਹਾਦਰੀ, ਕੁਰਬਾਨੀ ਅਤੇ ਸ਼ਹਾਦਤ ਲਾਮਿਸਾਲ ਹੈ। ਇਸ ਦੁਨੀਆਂ ਅੰਦਰ ਜਦੋਂ ਕਿਸੇ ਸਾਧਾਰਨ ਪਰਿਵਾਰ ਦੇ ਕਿਸੇ ਬੱਚੇ ਵੱਲੋਂ ਅਸਾਧਾਰਨ ਪ੍ਰਾਪਤੀ ਕੀਤੀ ਜਾਂਦੀ ਹੈ ਤਾਂ ਸਮਾਜ ਇਸ ਪ੍ਰਾਪਤੀ ਦੀ ਸ਼ਲਾਘਾ ਕਰਨੀ ਤਾਂ ਦੂਰ ਦੀ ਗੱਲ ਬਹੁਤੇ ਲੋਕ ਉਸ ਪ੍ਰਾਪਤੀ ਉੱਤੇ ਹੀ ਸ਼ੱਕ ਕਰਨ ਲੱਗ ਜਾਂਦੇ ਹਨ ਜਾਂ ਘਟਾ ਕੇ ਦੇਖਦੇ ਹਨ। ਇਸ ਦੇ ਉਲਟ ਕਿਸੇ ਸਮਾਜਿਕ ਰੁਤਬੇ ਉੱਤੇ ਸ਼ਸ਼ੋਭਿਤ ਵਿਅਕਤੀ ਦੀ ਸਾਧਾਰਨ ਜਿਹੀ ਪ੍ਰਾਪਤੀ ਨੂੰ ਵੀ ਜੋਰ ਸ਼ੋਰ ਨਾਲ ਵਡਿਆਉਣਾ ਇੱਕ ਰਵਾਇਤ ਹੀ ਬਣ ਗਿਆ ਹੈ।

ਸਿੱਖ ਕੌਮ ਨੇ ਮਾਨਵਤਾ ਪ੍ਰਤੀ ਪਿਆਰ ਨਿਭਾਉਂਦੇ ਹੋਏ ਜਾਂ ਆਪਣੇ ਧਰਮ ਉੱਤੇ ਦ੍ਰਿੜ ਅਤੇ ਅਟੱਲ ਰਹਿੰਦੇ ਹੋਏ ਜ਼ੁਲਮ ਅਤੇ ਜ਼ਾਲਮ ਦੇ ਵਿਰੁੱਧ ਸੰਘਰਸ਼ੀ ਇਤਿਹਾਸ ਦੇ ਅੰਦਰ ਕੁਰਬਾਨੀਆਂ ਦੇ ਬਿਲਕੁੱਲ ਨਵੇਂ ਮੁਕਾਮ ਤੈਅ ਕੀਤੇ, ਸਿੱਖ ਸੂਰਬੀਰ ਭੈਣਾਂ ਅਤੇ ਵੀਰਾਂ ਨੇ, ਬੱਚਿਆਂ ਅਤੇ ਬਜ਼ੁਰਗਾਂ ਨੇ ਕੁਰਬਾਨੀਆਂ ਦੇ ਸ਼ਹੀਦੀ ਮਾਰਗਾਂ ਉੱਤੇ ਸਥਾਪਤ ਮੀਲ ਪੱਥਰਾਂ ਅਤੇ ਮਾਪਣ ਵਾਲੇ ਪੈਮਾਨਿਆਂ ਨੂੰ ਬੌਣੇ ਦਿੱਸਣ ਲਗਾ ਦਿੱਤਾ। ਲੋਕ ਕਲਿਆਣੀ ਸੋਚ ਉੱਤੇ ਪਹਿਰਾ ਦਿੰਦੇ ਹੋਏ ਆਪਾ ਵਾਰਨ ਜਾਂ ਕੁਰਬਾਨੀਆਂ ਕਰਨ ਦੀ ਇਹ ਵੀਰ ਗਾਥਾ ਪੰਦਰਵੀਂ ਸਦੀ ਦੇ ਦੂਜੇ ਅੱਧ ਤੋਂ ਸ਼ੁਰੂ ਕਰਕੇ ਇਹ ਬਿਰਤਾਂਤ ਇੱਕੀਵੀਂ ਸਦੀ ਵਿੱਚ ਅੱਜ ਤੱਕ ਵੀ ਕਿਸੇ ਨਾ ਕਿਸੇ ਰੂਪ ਵਿੱਚ ਜਾਰੀ ਹੈ। ਸਿੱਖਾਂ ਦੀਆਂ ਕੁਰਬਾਨੀਆਂ ਦੀ ਭਾਵਨਾ ਅਤੇ ਮਨੋਰਥ ਕਦੇ ਵੀ ਤੰਗਦਿਲ ਸੋਚ ਵਾਲੇ ਜਾਂ ਸਿਰਫ਼ ਆਪਣੇ ਸੁਆਰਥ ਤੱਕ ਸੀਮਤ ਨਾ ਰਹੇ ਸਗੋਂ ਇਸਦੇ ਸਮਾਜਕ ਲਾਭਕਾਰੀ ਦਾਇਰੇ ਬਹੁਤ ਵਿਸ਼ਾਲ ਰਹੇ ਹਨ। ਬਹੁਤ ਦੁਖਦਾਈ ਤੇ ਕੌੜਾ ਸੱਚ ਹੈ ਕਿ ਇਹ ਸਾਰੀਆਂ ਵੀਰ ਗਾਥਾਵਾਂ ਕਿਸੇ ਢੁੱਕਵੀਂ ਇਤਿਹਾਸਕਾਰੀ ਰਚਨਾਵਾਂ ਦਾ ਸ਼ਿੰਗਾਰ ਨਾ ਬਣ ਸਕੀਆਂ। ਸਿੱਖ ਕੌਮ ਦੇ ਇਤਿਹਾਸ ਨੂੰ ਲਿਖਦੇ ਹੋਏ ਅਨਮਤੀ ਲੇਖਕਾਂ ਨੇ ਆਪਣੀ ਸਿਧਾਂਤਕ ਨਫ਼ਰਤ ਕਾਰਨ ਇਨ੍ਹਾਂ ਕੁਰਬਾਨੀਆਂ ਨੂੰ ਘਟਾ ਕੇ ਲਿਖਿਆ ਜਾਂ ਇਨ੍ਹਾਂ ਪਿੱਛੇ ਛੁਪੇ ਮਨੋਰਥਾਂ ਨੂੰ ਧੁੰਦਲਾ ਕਰਕੇ ਲਿਖਿਆ ਜਾਂ ਬਿਪਰੀਤ ਕਰਮ ਦੱਸ ਕੇ ਲਿਖਿਆ। ਸਭ ਤੋਂ ਪਹਿਲਾਂ ਅਨਮਤੀ ਲਿਖਾਰੀਆਂ ਦੀ ਇਸ ਕਮਜ਼ੋਰੀ ਨੂੰ ਪ੍ਰਾਚੀਨ ਪੰਥ ਪ੍ਰਕਾਸ਼ ਦੇ ਕਰਤਾ ਭਾਈ ਰਤਨ ਸਿੰਘ ਭੰਗੂ ਨੇ ਪਛਾਣਿਆ ਅਤੇ ਸੱਚ ਨੂੰ ਉਭਾਰਨ ਦੇ ਸਾਰਥਕ ਉਪਰਾਲੇ ਕੀਤੇ। ਅਨਮਤੀ ਲੇਖਕਾਂ ਦੀ ਇਸ ਨਫ਼ਰਤੀ ਲੇਖਣੀ ਦਾ ਸ਼ਿਕਾਰ ਬਣਨ ਤੋਂ ਸਿੱਖ ਕੌਮ ਨੂੰ ਬਚਾਉਣ ਲਈ ਭਾਈ ਕਰਮ ਸਿੰਘ ਹਿਸਟੋਰੀਅਨ ਜੀ ਨੇ ਅਣਥੱਕ ਮਿਹਨਤ ਕੀਤੀ ਅਤੇ ਇਸੇ ਲਗਨ ਅਤੇ ਇਤਿਹਾਸ ਦੇ ਸੱਚ ਨੂੰ ਸੰਭਾਲਣ ਦੇ ਉਦੇਸ਼ ਲਈ ਆਪਣਾ ਜੀਵਨ ਵਾਰ ਦਿੱਤਾ। ਉਸਾਰੂ ਜਾਂ ਹਾਂ ਪੱਖੀ ਇਤਿਹਾਸਕਾਰੀ ਰਾਹੀਂ ਸ੍ਰੀ ਮਾਨ ਸੰਤ ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ ਵਾਲਿਆਂ ਨੇ ਝੂਠ ਨੂੰ ਨਰਾਜ ਨਹੀਂ ਕੀਤਾ ਸਗੋਂ ਜਿੱਥੇ ਜਿਵੇਂ ਸੀ ਉਵੇਂ ਛੱਡ ਕੇ ਉਸ ਦੇ ਪਰਦੇ ਹੇਠ ਛੁਪੇ ਸੱਚ ਨੂੰ ਇਕੱਲਿਆਂ ਵੱਖਰਾ ਕਰਕੇ ਸ਼ਿੰਗਾਰ ਕੇ ਸਿਰਫ਼ ਸੱਚ ਨੂੰ ਸੰਸਾਰ ਸਾਹਮਣੇ ਲਿਆ ਦਿੱਤਾ। ਵੀਹਵੀਂ ਸਦੀ ਦੇ ਦੂਜੇ ਅੱਧ ਵਿੱਚ ਆਜ਼ਾਦੀ ਉਪਰੰਤ ਆਜ਼ਾਦੀ ਦੇ ਵਿਰੋਧੀਆਂ ਨੇ ਇਤਿਹਾਸ ਨੂੰ ਦੁਬਾਰਾ ਲਿਖਣਾ ਆਰੰਭ ਨਹੀਂ ਕੀਤਾ ਸਗੋਂ ਸਿੱਖਾਂ ਦੇ ਵਡੇਰੇ ਕਾਰਜ ਨੂੰ ਸਨਾਤਨੀ ਨਾਇਕ ਦਿਖਾਉਣ ਦੇ ਕੋਝੇ ਉਪਰਾਲੇ ਕਰਦੇ ਹੋਏ ਸੱਚ ਨੂੰ ਛੁਪਾਉਣ ਲਈ ਝੂਠ ਦੇ ਚਮਕਦਾਰ ਪਹਿਰਾਵੇ ਵਿੱਚ ਪੇਸ਼ ਕਰਨਾ ਆਰੰਭ ਕਰ ਦਿੱਤਾ। ਮਹਾਨ ਇਤਿਹਾਸਕਾਰ ਡਾ ਗੰਡਾ ਸਿੰਘ ਜੀ ਨੇ ਇਕੱਲਿਆਂ ਹੀ ਇਸ ਦਾ ਡਟ ਕੇ ਮੁਕਾਬਲਾ ਕੀਤਾ। ਇਸ ਸੰਬੰਧੀ ਉਨ੍ਹਾਂ ਨੇ ਸਿੱਖ ਇਤਿਹਾਸ ਦੇ ਸਿਰਫ਼ ਮੂਲ ਸਰੋਤ ਹੀ ਸਾਧਾਰਨ ਸਿੱਖਾਂ ਦੀ ਪਹੁੰਚ ਵਿੱਚ ਨਹੀਂ ਕੀਤੇ ਸਗੋਂ ਖੋਜਕਾਰੀ ਇਤਿਹਾਸ ਦੀ ਪ੍ਰੰਪਰਾ ਵੀ ਆਰੰਭ ਕਰ ਦਿੱਤੀ। ਇੱਕੀਵੀਂ ਸਦੀ ਵਿੱਚ ਸੱਚ ਦੇ ਦੁਸ਼ਮਣਾਂ ਨੇ ਸੱਤਾ ਉੱਤੇ ਸਥਾਪਤ ਹੁੰਦਿਆਂ ਹੀ ਸੱਚ ਅਤੇ ਸੱਚ ਦੇ ਸੋਮਿਆਂ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ। ਜਦੋਂ ਇਹ ਕੋਸ਼ਿਸ਼ ਮੁਕੰਮਲ ਹੋ ਕੇ ਸਾਹਮਣੇ ਆਈ ਉਦੋਂ ਹੀ ਪੰਜਾਬ ਦੇ ਇੱਕ ਜਾਗਰੂਕ ਵਿਦਵਾਨ ਪ੍ਰੋ ਕੇਵਲ ਕਲੋਟੀ ਜੀ ਨੇ ਇੱਕ ਪੂਰੀ ਪੁਸਤਕ ਰੇਪ ਆਫ਼ ਹਿਸਟਰੀ (ਇਤਿਹਾਸ ਦਾ ਬਲਾਤਕਾਰ) ਇਸ ਸਾਰੀ ਸਾਜਿਸ਼ ਨੂੰ ਸਬੂਤਾਂ ਸਹਿਤ ਅਸਫਲ ਬਣਾਉਣ ਦਾ ਮੁੱਢ ਬੰਨਿਆ। ਇਸੇ ਸਮੇਂ ਇੱਕ ਪੰਥਕ ਕਾਰਕੁੰਨ ਬਲਦੇਵ ਸਿੰਘ ਸਿਰਸਾ ਅਤੇ ਪੰਜਾਬ ਦੇ ਸੱਚੇ ਸਪੂਤ ਡਾ ਪਿਆਰਾ ਲਾਲ ਗਰਗ ਨੇ ਸ਼੍ਰੋਮਣੀ ਕਮੇਟੀ ਵਿੱਚ ਨਫਰਤੀ ਸੰਗਠਨਾਂ ਦੀ ਸਾਜਿਸ਼ ਸਿਰੇ ਚੜ੍ਹਨ ਦਾ ਭਾਂਡਾ ਵੀਂ ਚੌਰਾਹੇ ਵਿੱਚ ਭੰਨ ਦਿੱਤਾ। ਇਸ ਲੰਮੇ ਵਰਤਾਰੇ ਵਿੱਚ ਸੱਚ ਨੂੰ ਛੁਪਾਉਣ ਦੀਆਂ ਕੋਸ਼ਿਸ਼ਾਂ ਸੱਚ ਨੂੰ ਸਮਰਪਿਤ ਵਿਦਵਾਨਾਂ ਨੇ ਅਸਫਲ ਬਣਾਈਆਂ। ਪ੍ਰੰਤੂ ਡਾ ਗੰਡਾ ਸਿੰਘ ਜੀ ਨੇ ਲੇਖਕਾਂ ਦੀ ਇਸ (ਸੱਚ ਛੁਪਾ ਕੇ ਝੂਠ ਲਿੱਖਣ ਵਾਲੀ) ਪ੍ਰਵਿਰਤੀ ਦੇ ਕਾਰਨ ਵੀ ਲੱਭ ਕੇ ਸੰਗਤਾਂ ਦੇ ਸਨਮੁੱਖ ਰੱਖ ਦਿੱਤੇ ਕਿ:

1)- ਰਾਜਾ ਲੇਖਕਾਂ ਦਾ ਅੰਨ ਦਾਤਾ ਹੋਣ ਕਾਰਨ ਲੇਖਕਾਂ ਦੀ ਆਪਣੇ ਅੰਨ ਦਾਤਾ ਪ੍ਰਤੀ ਪ੍ਰਤੀਬੱਧਤਾ।

2)- ਲੇਖਕਾਂ ਦੇ ਆਪਣੇ ਨਿੱਜੀ ਹਿੱਤਾਂ ਦਾ ਰਾਜੇ ਦੇ ਹਿੱਤਾਂ ਨਾਲ ਬੱਝੇ ਹੋਣਾ।

3)- ਰਾਜੇ ਦੀ ਨਰਾਜਗੀ ਦਾ ਡਰ।

ਉਪਰੋਕਤ ਕਾਰਨਾਂ ਕਰਕੇ ਸਿੱਖ ਇਤਿਹਾਸ ਦਾ ਬਲਾਤਕਾਰ ਹੀ ਕਿਹਾ ਜਾ ਸਕਦਾ ਹੈ ।

ਬਾਕੀ ਸਫ਼ਾ 27 'ਤੇ.....



ਸੋਲਰ ਪੈਨਲ : ਬਿਜਲੀ ਉਤਪਾਦਨ ਵੀ, ਸਮਾਜ ਸੇਵਾ ਵੀ

ਇੰਜ: ਦੀਦਾਰ ਸਿੰਘ
ਰੂਪਨਗਰ

ਅਸੀਂ ਆਪਣੇ ਘਰ, ਦੁਕਾਨ ਜਾਂ ਕਾਰੋਬਾਰੀ ਇਮਾਰਤ 'ਤੇ Solar Panel ਲਗਾਉਣ ਬਾਰੇ ਸੋਚਦੇ ਹਾਂ ਤਾਂ ਪਹਿਲਾ ਸਵਾਲ ਹੁੰਦਾ ਹੈ—ਬਿਜਲੀ ਦੇ ਬਿੱਲ ਵਿੱਚ ਕਿੰਨੀ ਬਚਤ ਹੋਵੇਗੀ? ਇਹ ਸੋਚ ਹੈ ਭੀ ਸੁਭਾਵਿਕ। ਪਰ ਹੁਣ ਇੱਕ ਹੋਰ ਸਵਾਲ ਵੀ ਉੱਠਦਾ ਹੈ—ਕੀ ਸੋਲਰ ਪੈਨਲ ਸਿਰਫ਼ ਪੈਸੇ ਬਚਾਉਣ ਦਾ ਹੀ ਸਾਧਨ ਹੈ ਜਾਂ ਇਹ ਵਾਤਾਵਰਨ ਨੂੰ ਬਚਾਉਣ ਦਾ ਵੀ ਇੱਕ ਮੌਕਾ?

ਭਾਰਤ ਵਿੱਚ ਸਾਫ਼ ਊਰਜਾ ਦਾ ਉਤਪਾਦਨ ਤੇਜ਼ੀ ਨਾਲ ਵਧ ਰਿਹਾ ਹੈ ਪਰ ਸਾਡੀ ਬਿਜਲੀ ਦੀ ਬਹੁਤੀ ਲੋੜ ਅਜੇ ਵੀ ਕੋਲਾ, ਤੇਲ ਅਤੇ ਗੈਸ ਆਦਿ (Fosisl fuel) ਤੋਂ ਪੂਰੀ ਹੁੰਦੀ ਹੈ ਜੋ ਵਾਤਾਵਰਨ ਪ੍ਰਦੂਸ਼ਨ ਦੇ ਮੁੱਖ ਸਰੋਤ ਹਨ। ਭਾਰਤ ਸਰਕਾਰ ਦੇ ਬਿਜਲੀ ਮੰਤਰਾਲੇ ਦੇ ਅੰਕੜਿਆਂ ਅਨੁਸਾਰ 2024-25 ਵਿੱਚ ਦੇਸ਼ ਦੀ ਕੁੱਲ ਬਿਜਲੀ ਉਤਪਾਦਨ ਦਾ ਲਗਭਗ 74.54% ਹਿੱਸਾ Fosisl Fuel ਤੋਂ ਆਇਆ, ਜਿਸ ਦਾ 70.99% ਹਿੱਸਾ ਇਕੱਲੇ ਕੋਲੇ ਦਾ ਸੀ। ਇਹ ਅੰਕੜੇ ਦੱਸਦੇ ਹਨ ਕਿ ਬਿਜਲੀ ਦੀ ਸਾਡੀ ਲੋੜ ਅਤੇ ਵਾਤਾਵਰਨ ਪ੍ਰਦੂਸ਼ਨ ਵਿਚਕਾਰ ਸਬੰਧ ਕਿੰਨਾ ਗਹਿਰਾ ਹੈ।

ਕੋਲੇ ਨਾਲ ਚੱਲਣ ਵਾਲੇ ਤਾਪ ਬਿਜਲੀ ਘਰਾਂ ਵਿੱਚ ਕੋਲਾ ਸਾੜਨ ਨਾਲ CO_2 ਵਰਗੀ ਮੁੱਖ ਗ੍ਰੀਨਹਾਊਸ ਗੈਸ ਦੇ ਨਾਲ SO_2, NO_x, ਧੂੜ ਦੇ ਬਰੀਕ ਕਣ (PM) ਅਤੇ ਪਾਰੇ ਵਰਗੇ ਪ੍ਰਦੂਸ਼ਕ ਵੀ ਪੈਦਾ ਹੁੰਦੇ ਹਨ। ਇਹ ਹਵਾ ਦੀ ਗੁਣਵੱਤਾ ਅਤੇ ਮਨੁੱਖੀ ਸਿਹਤ 'ਤੇ ਬਹੁਤ ਮਾੜਾ ਪ੍ਰਭਾਵ ਪਾਉਂਦੇ ਹਨ। ਇਸ ਤੋਂ ਇਲਾਵਾ ਕੋਲੇ ਦੀ ਖੁਦਾਈ, ਢੋਆ-ਢੁਆਈ, ਰਾਖ ਦੇ ਪ੍ਰਬੰਧਨ ਅਤੇ ਤਾਪ ਬਿਜਲੀ ਘਰਾਂ ਨੂੰ ਠੰਢਾ ਕਰਨ ਲਈ ਪਾਣੀ ਦੀ ਵੱਧ ਵਰਤੋਂ ਵੀ ਵਾਤਾਵਰਣ ਪ੍ਰਦੂਸ਼ਨ ਨਾਲ ਜੁੜੀ ਹੋਈ ਹੈ। ਇਸ ਲਈ ਜਦੋਂ ਅਸੀਂ Solar Panel ਰਾਹੀਂ ਆਪਣੀ ਬਿਜਲੀ ਦੀ ਲੋੜ ਦਾ ਵੱਡਾ ਹਿੱਸਾ ਪੂਰਾ ਕਰਦੇ ਹਾਂ ਤਾਂ ਲਾਭ ਸਿਰਫ਼ ਬਿਜਲੀ ਦਾ ਬਿੱਲ ਘਟਾਉਣ ਤੱਕ ਸੀਮਿਤ ਨਹੀਂ ਰਹਿੰਦਾ ਬਲਕਿ ਅਸੀਂ ਆਪਣੇ ਪੱਧਰ 'ਤੇ ਅਜਿਹੀ ਬਿਜਲੀ ਦੀ ਮੰਗ ਘਟਾਉਣ ਵਿੱਚ ਯੋਗਦਾਨ ਪਾ ਰਹੇ ਹੁੰਦੇ ਹਾਂ, ਜਿਸਦਾ ਵੱਡਾ ਹਿੱਸਾ ਅਜੇ ਵੀ ਕੋਲੇ ਵਰਗੇ ਨੁਕਸਾਨਦੇਹ ਸ੍ਰੋਤਾਂ ਤੋਂ ਆਉਂਦਾ ਹੈ।

ਇਸ ਜਾਣਕਾਰੀ ਦੇ ਹੋਣ ਕਾਰਣ ਨਵੰਬਰ 2020 ਵਿੱਚ ਮੈਂ ਆਪਣੇ ਨਿਵਾਸ ਸਥਾਨ 'ਤੇ 5 kW dw Solar Panel ਲਗਾਏ ਸਨ। ਜੁਲਾਈ 2026 ਤੱਕ ਇਸ ਤੋਂ 40,000 kWh (ਯੂਨਿਟ) ਬਿਜਲੀ ਪੈਦਾ ਹੋ ਚੁੱਕੀ ਹੈ। ਜੇ ਇਹੀ ਬਿਜਲੀ ਕੋਲੇ ਨਾਲ ਚੱਲਣ ਵਾਲੇ ਤਾਪ ਬਿਜਲੀ ਘਰ ਤੋਂ ਪੈਦਾ ਹੁੰਦੀ, ਤਾਂ 0.975 ਕਿਲੋਗ੍ਰਾਮ CO_2 ਪ੍ਰਤੀ kvHw (ਯੂਨਿਟ) ਦੇ ਹਿਸਾਬ ਨਾਲ ਲਗਭਗ 39 ਟਨ CO_2 ਗੈਸ ਪੈਦਾ ਹੋ ਕੇ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਦੀ। ਇਹ ਇੱਕ ਸੰਕੇਤਕ ਤੁਲਨਾ ਹੈ; ਅਸਲ ਨਿਕਾਸ ਬਿਜਲੀ ਉਤਪਾਦਨ ਦੇ ਸਰੋਤ ਦੀ ਗੁਣਵੱਤਾ ਅਨੁਸਾਰ ਵੱਧ-ਘੱਟ ਹੋ ਸਕਦਾ ਹੈ। ਇਸਨੂੰ ਹੋਰ ਸੌਖਾ ਕਰਕੇ ਸਮਝੀਏ ਤਾਂ U.S. Enivronmental Proteciton Agency (EPA) ਦੀ ਦਰੱਖਤਾਂ ਸਬੰਧੀ ਤੁਲਨਾ ਵਿਧੀ ਅਨੁਸਾਰ ਇਹ ਮਾਤਰਾ ਲਗਭਗ 650 ਦਰੱਖਤਾਂ ਵੱਲੋਂ ਆਪਣੇ ਵਾਧੇ ਲਈ 10 ਸਾਲਾਂ ਦੌਰਾਨ ਵਾਤਾਵਰਨ ਵਿੱਚੋਂ ਜਜ਼ਬ ਕੀਤੀ CO_2 ਦੇ ਬਰਾਬਰ ਬਣਦੀ ਹੈ। ਅਸਿੱਧੇ ਤੌਰ ਤੇ ਕਹਿ ਸਕਦੇ ਹਾਂ ਕਿ ਮੇਰੇ ਵੱਲੋਂ ਜਾਂ ਜਿਸਨੇ ਵੀ ਓਸ ਸਮੇਂ ਸੂਰਜੀ ਪੈਨਲ ਲਗਵਾਇਆ ਹੋਵੇਗਾ ਉਸਨੇ ਕਰੀਬ 650 ਦਰੱਖਤ ਲਗਾ ਕੇ 10 ਸਾਲ ਤੱਕ ਸਾਂਭ ਸੰਭਾਲ ਕੀਤੀ। ਇਹ ਕੋਈ ਛੋਟਾ ਯੋਗਦਾਨ ਨਹੀਂ ਹੈ। ਬਹੁਗਿਣਤੀ ਸੋਲਰ ਬਿਜਲੀ ਉਪਭੋਗਤਾਵਾਂ ਨੂੰ ਖੁੱਦ ਵੀ ਇਹ ਅਹਿਸਾਸ ਨਹੀਂ ਹੋਵੇਗਾ ਕਿ ਉਹ ਸਮਾਜ ਅਤੇ ਅਗਲੀ ਪੀੜੀ ਦੀ ਕਿੰਨੀ ਵੱਡੀ ਸੇਵਾ ਕਰ ਰਹੇ ਹਨ।

ਕਈ ਪਰਿਵਾਰਾਂ ਨੂੰ ਸਰਕਾਰੀ ਨੀਤੀਆਂ ਅਧੀਨ ਮੁਫ਼ਤ ਜਾਂ ਰਿਆਇਤੀ ਬਿਜਲੀ ਮਿਲਦੀ ਹੈ। ਇਹ ਉਨ੍ਹਾਂ ਲਈ ਆਰਥਿਕ ਰਾਹਤ ਹੈ ਅਤੇ ਇਸਦੀ ਆਪਣੀ ਸਮਾਜਿਕ ਮਹੱਤਤਾ ਹੈ। ਇਸ ਕਰਕੇ ਉਨ੍ਹਾਂ ਲਈ ਸੂਰਜੀ ਪੈਨਲ ਲਗਾਉਣ ਦਾ ਤੁਰੰਤ ਆਰਥਿਕ ਲਾਭ ਕੁਝ ਘੱਟ ਹੋ ਸਕਦਾ ਹੈ ਪਰ ਇੱਕ ਸਵਾਲ ਸਾਡੇ ਸਾਰਿਆਂ ਸਾਹਮਣੇ ਹੈ—ਜੇ ਬਿਜਲੀ ਦਾ ਬਿੱਲ ਘੱਟ ਜਾਂ ਮੁਫ਼ਤ ਹੋ ਗਿਆ ਹੈ, ਤਾਂ ਕੀ ਵਾਤਾਵਰਨ ਪ੍ਰਦੂਸ਼ਨ ਪ੍ਰਤੀ ਸਾਡੀ ਜ਼ਿੰਮੇਵਾਰੀ ਵੀ ਘੱਟ ਹੋ ਗਈ ਹੈ ਜਾਂ ਖ਼ਤਮ ਹੋ ਗਈ? ਸ਼ਾਇਦ ਨਹੀਂ। ਬਿਜਲੀ ਦੀ ਕੀਮਤ ਸਾਡੀ ਜੇਬ੍ਹ ਨਾਲ ਜੁੜੀ ਹੈ ਪਰ ਉਸਨੂੰ ਪੈਦਾ ਕਰਨ ਲਈ ਵਰਤੇ ਜਾਣ ਵਾਲੇ ਕੋਲੇ, ਤੇਲ ਆਦਿ ਦਾ ਬੁਰਾ ਪ੍ਰਭਾਵ ਪੂਰੇ ਸਮਾਜ ਉੱਤੇ ਪੈਂਦਾ ਹੈ।

ਸੂਰਜੀ ਪੈਨਲ ਦੀ ਲਾਗਤ ਲਗਭਗ 5 ਤੋਂ 5.5 ਸਾਲਾਂ ਵਿੱਚ ਵਿਆਜ ਸਮੇਤ ਵਸੂਲ ਹੋ ਜਾਂਦੀ ਹੈ। ਇਸ ਦਾ ਅਸਲ ਸਮਾਂ installaiton cost, ਬਿਜਲੀ ਦੀ ਖਪਤ, ਬਿਜਲੀ ਉਤਪਾਦਨ ਅਤੇ ਸਰਕਾਰੀ ਬਿਜਲੀ ਦਰਾਂ 'ਤੇ ਨਿਰਭਰ ਕਰਦਾ ਹੈ। ਇਸ ਤੋਂ ਬਾਅਦ ਸੋਲਰ ਪੈਨਲ ਦੀ ਬਾਕੀ ਲਗਭਗ 20 ਸਾਲ ਦੀ ਉਮਰ ਦੌਰਾਨ ਸੂਰਜ ਦੀ ਰੌਸ਼ਨੀ ਤੋਂ ਬਿਜਲੀ ਪੈਦਾ ਹੁੰਦੀ ਰਹਿੰਦੀ ਹੈ। ਇਸ ਪ੍ਰਕਾਰ ਲੰਬੇ ਸਮੇਂ ਦੀ ਆਰਥਿਕ ਬਚਤ ਦੇ ਨਾਲ ਨਾਲ ਵਾਤਾਵਰਨ ਦੀ ਸਫਾਈ ਵਿੱਚ ਵੀ ਲਗਾਤਾਰ ਯੋਗਦਾਨ ਮਿਲਦਾ ਰਹਿੰਦਾ ਹੈ। ਇਹ ਸਭ ਮੁਫ਼ਤ 'ਚ ਵਾਧੂ ਲਾਭ ਹੈ।

ਇਸ ਲਈ ਜਿਨ੍ਹਾਂ ਘਰਾਂ, ਮਕਾਨਾਂ, ਦੁਕਾਨਾਂ, ਸੰਸਥਾਵਾਂ ਅਤੇ ਵੱਡੀਆਂ ਕਾਰੋਬਾਰੀ ਇਮਾਰਤਾਂ ਕੋਲ ਸ਼ੋਲਰ ਪੈਨਲ ਲਗਾਉਣ ਦੀ ਸਮਰੱਥਾ ਹੈ, ਉਨ੍ਹਾਂ ਨੂੰ ਸੂਰਜੀ ਊਰਜਾ ਨੂੰ ਸਿਰਫ਼ ਬਿਜਲੀ ਦੀ ਬਚਤ ਲਈ ਨਹੀਂ ਸਗੋਂ ਸਾਫ਼ ਹਵਾ ਨੂੰ ਸਾਫ਼ ਰੱਖਣ ਲਈ ਆਪਣੇ ਵਲੋਂ ਪਾਏ ਹਿੱਸੇ ਵਜੋਂ ਵੀ ਦੇਖਣਾ

ਚਾਹੀਦਾ ਹੈ। ਸਾਫ਼ ਹਵਾ ਸਿਰਫ਼ ਮਨੁੱਖ ਲਈ ਨਹੀਂ—ਪੰਛੀਆਂ, ਜਾਨਵਰਾਂ, ਰੁੱਖਾਂ ਅਤੇ ਧਰਤੀ 'ਤੇ ਮੌਜੂਦ ਹਰ ਜੀਵ ਲਈ ਜ਼ਰੂਰੀ ਹੈ ਜਿਸ ਨੂੰ ਸਾਫ ਹਵਾ 'ਚ ਸਾਹ ਲੈਣਾ ਹੈ। ਅੱਜ ਇੱਕ ਘਰ ਜਾਂ ਇੱਕ ਕਾਰੋਬਾਰੀ ਇਮਾਰਤ ਦਾ Solar ਪਲਾਂਟ ਲਗਾਉਣਾ ਛੋਟਾ ਕਦਮ ਲੱਗ ਸਕਦਾ ਹੈ ਪਰ ਹਜ਼ਾਰਾਂ ਅਜਿਹੇ ਕਦਮ ਮਿਲ ਕੇ ਵਾਤਾਵਰਣ ਸੁਧਾਰ ਰਾਹੀਂ ਆਉਣ ਵਾਲੀ ਪੀੜ੍ਹੀ ਲਈ ਵੱਡੀ ਸੌਗਾਤ ਹੋਵੇਗਾ ।

ਬਿਜਲੀ ਬਿੱਲ ਦੀ ਬੱਚਤ ਸਾਡਾ ਨਿਜੀ ਲਾਭ ਹੈ; ਪਰ ਸਾਫ਼ ਹਵਾ ਵਿੱਚ ਆਪਣਾ ਹਿੱਸਾ ਪਾਉਣਾ ਸਾਡੀ ਸਭ ਦੀ ਸਮਾਜ ਅਤੇ ਅਗਲੀਆਂ ਪੀੜ੍ਹੀਆਂ ਲਈ ਵੱਡੀ ਜ਼ਿੰਮੇਵਾਰੀ ਹੈ। ਸੋਚੋ ਜਦੋਂ ਇੱਕ ਬੂਟੇ ਨਾਲ ਫੋਟੋ ਖਿੱਚਵਾਉਣ ਨਾਲ ਖਬਰਾਂ 'ਚ ਆਉਣ 'ਤੇ ਅਸੀਂ ਇੰਨੇ ਖੁਸ਼ ਹੁੰਦੇ ਹਾਂ ਤਾਂ 25 ਸਾਲਾਂ ਦੌਰਾਨ ਹਜ਼ਾਰਾਂ ਬੂਟਿਆਂ ਰਾਹੀਂ ਹਜ਼ਮ ਹੋਣ ਵਾਲੀ ਗੈਸ ਬਚਾ ਕੇ ਕੁਦਰਤ ਨੂੰ ਤੇ ਆਪਣੇ ਆਪ ਨੂੰ ਕਿੰਨਾ ਖੁਸ਼ ਕਰ ਚੁੱਕੇ ਹੋਵਾਂਗੇ? (Sources: Ministry of Power, Government of Inida; U.S. Enivronmental Proteciton Agency (EPA).

❋ ❋ ❋ ❋ ❋

.....ਸਫ਼ਾ 24 ਦੀ ਬਾਕੀ

ਕੇ ਕਿਤੇ ਦੂਰ ਭੇਜ ਦਿੱਤਾ ਜਾਵੇ ਜਿੱਥੇ ਉਹ ਸ਼ਾਂਤੀ ਨਾਲ ਦਿਨ ਬਿਤਾਵੇ। ਉਸ ਨੂੰ ਦੂਰ ਸਮੁੰਦਰ ਕਿਨਾਰੇ ਇੱਕ ਆਲੀਸ਼ਾਨ ਬੰਗਲੇ ਵਿੱਚ ਰਹਿਣ ਲਈ ਭੇਜ ਦਿੱਤਾ ਗਿਆ। ਉਹ ਦੋ-ਤਿੰਨ ਦਿਨ ਅੰਦਰ ਪਿਆ ਰਿਹਾ। ਮਨ ਨੇ ਉਸ ਨੂੰ ਬਾਹਰ ਜਾਣ ਤੋਂ ਡਰਾਈ ਰੱਖਿਆ। ਪਰ ਉਸ ਨੇ ਮਨ ਨੂੰ ਕਾਬੂ ਵਿੱਚ ਰਖ ਕੇ ਬਾਹਰ ਝਾਤ ਮਾਰੀ ਤਾਂ ਉਸ ਨੂੰ ਪੰਛੀ ਉਡਾਰੀਆਂ ਮਾਰਦੇ ਦਿਖਾਈ ਦਿੱਤੇ। ਉਸ ਨੇ ਫੈਸਲਾ ਕੀਤਾ ਕਿ ਉਹ ਅੰਦਰ ਪੈ ਕੇ ਮਰਨ ਨਾਲੋਂ ਆਪਣਾ ਸਭ ਕੁੱਝ ਦਾਨ ਕਰ ਕੇ ਬੇਫਿਕਰੀ ਦੀਆਂ ਉਡਾਰੀਆਂ ਮਾਰੇਗਾ। ਉਸ ਨੂੰ ਜਿੰਨਾਂ ਵੀ ਸਮਾਂ ਮਿਲੇਗਾ ਉਹ 'ਅੱਜ' ਲਈ ਜੀਵੇਗਾ। ਉਸ ਨੇ ਬਾਹਰ ਨਿਕਲ ਕੇ ਆਪਣੇ ਧਨ ਨਾਲ ਦਾਨੀ ਸੰਸਥਾ ਰੌਕੀਫੈਲਰ ਬਣਾਈ । ਉਹ ਆਪਣੀ ਬਿਮਾਰੀ ਨੂੰ ਭੁੱਲ ਹੀ ਗਿਆ। ਉਸ ਦੀ ਬਿਮਾਰੀ ਚਲੇ ਗਈ ਅਤੇ ਉਹ ਲੰਬੀ ਉਮਰ ਭੋਗ ਕੇ ਗਿਆ। ਇਹ ਇਸ ਕਾਰਨ ਹੋਇਆ ਕਿ ਉਸ ਨੇ ਮਨ ਨੂੰ ਕਾਬੂ ਵਿੱਚ ਰੱਖ ਕੇ 'ਅੱਜ' ਵਿੱਚ ਜਿਉਣਾ ਸਿੱਖ ਲਿਆ ਸੀ। ਉਹ ਆਪਣੀ ਸੰਸਥਾ ਰਾਹੀਂ ਚਿਰਜੀਵੀ ਬਣ ਗਿਆ।

ਜੋ ਬੀਤ ਗਿਆ ਹੈ, ਉਹ ਮੁੜ ਨਹੀ ਆਉਣਾ। ਉਸ ਬਾਰੇ ਪਛਤਾਉਣ ਦਾ ਕੋਈ ਲਾਭ ਨਹੀਂ ਹੋਵੇਗਾ ਸਗੋਂ ਮਾਯੂਸੀ ਵਧੇਗੀ। ਜੇਕਰ ਡਰਦੇ ਰਹਾਂਗੇ ਤੇ ਕੁੱਝ ਨਵਾਂ ਕਰਨ ਤੋਂ ਝਿਜਕਦੇ ਰਹਾਂਗੇ ਤਾਂ ਕੁੱਝ ਨਹੀਂ ਬਣਨਾ। ਖ਼ਤਰੇ ਸਹੇੜ ਕੇ ਉਹ ਹੀ ਸਫ਼ਲਤਾ ਹਾਸਲ ਕਰਦੇ ਹਨ ਜਿਹੜੇ ਮਨ ਦੇ ਪਿੱਛੇ ਨਹੀਂ ਲਗਦੇ। ਮਨ ਨੂੰ ਸਮਝਾਵੋ ਕਿ ਜੋ ਵੀ ਹੋਣਾ ਹੈ ਉਹ 'ਹੁਣ' ਵਿੱਚ ਹੀ ਹੋਣਾ ਹੈ। ਭੂਤ ਬੀਤ ਗਿਆ ਹੈ ਅਤੇ ਭਵਿੱਖ ਕਦੇ ਆਉਣਾ ਨਹੀਂ। ਇਸ ਲਈ 'ਹੁਣ' ਵਿੱਚ ਹੀ ਜੀਉਣਾ ਸਿੱਖੀਏ।

.....ਸਫ਼ਾ 25 ਦੀ ਬਾਕੀ

ਪੰਥਕ ਅਖਵਾਉਣ ਵਾਲੇ ਇਤਿਹਾਸਕਾਰ ਡਾਕਟਰ ਬਲਬੀਰ ਸਿੰਘ ਜੀ ਨੇ ਅਨਮਤੀਆਂ ਦੇ ਮੂਲ ਸਰੋਤਾਂ ਉੱਤੇ ਆਧਾਰਤ ਮਹਾਨ ਸ਼ਹੀਦ ਬੀਬੀ ਸ਼ਰਨ ਕੌਰ ਨੂੰ ਪਹਿਲਾਂ ਪਹਾੜੀ ਰਾਜਿਆਂ ਨਾਲ ਅਤੇ ਫਿਰ ਕਿਸੇ ਕਾਠਗੜ੍ਹ ਦੇ ਰਜਵਾੜੇ ਦੇ ਹਰਮਾਂ ਨਾਲ ਜੋੜਿਆ। ਇਸੇ ਤਰ੍ਹਾਂ ਇੱਕ ਹੋਰ ਡਾਕਟਰ ਹਰਜਿੰਦਰ ਸਿੰਘ ਦਿਲਗੀਰ ਨੇ ਬੀਬੀ ਸ਼ਰਨ ਕੌਰ ਦੀ ਹੋਂਦ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ, ਜੋ ਇਤਿਹਾਸ ਦਾ ਕਤਲ ਮੰਨਿਆ ਜਾਵੇਗਾ। ਇਹ ਸੱਚ ਦਾ ਵਡੱਪਣ ਹੀ ਕਿਹਾ ਸਕਦਾ ਹੈ ਮਹਾਨ ਵਿਦਵਾਨ ਗਿਆਨੀ ਨਰੈਣ ਸਿੰਘ ਜੀ ਮੁਜੰਗਾਂ ਵਾਲਿਆਂ ਨੇ ਇੱਕ ਸਦੀ ਤੋਂ ਵਧੇਰੇ ਪਹਿਲਾਂ, ਖਾਲਸਾ ਸਮਾਚਾਰ ਦੇ ਸੰਪਾਦਕ ਗਿਆਨੀ ਸੇਵਾ ਸਿੰਘ ਨੇ ਕਰੀਬ 85 ਸਾਲ ਪਹਿਲਾਂ, ਡਾ ਰਾਜਿੰਦਰ ਸਿੰਘ ਜਾਲੀ ਨੇ ਕਰੀਬ ਸਾਢੇ ਤਿੰਨ ਦਹਾਕੇ ਪਹਿਲਾਂ ਆਪਣੇ ਆਪਣੇ ਵੱਲੋਂ ਲੇਖ ਲਿਖ ਕੇ ਇਸ ਸੱਚ ਨੂੰ ਛੁਪਣ ਤੋਂ ਬਚਾਇਆ। ਹੋਰ ਵੀ ਕਈ ਵਿਦਵਾਨਾਂ ਨੇ ਲੇਖ ਲਿਖਕੇ ਸਤਿਕਾਰਯੋਗ ਅਮਰ ਸ਼ਹੀਦ ਬੀਬੀ ਸ਼ਰਨ ਕੌਰ ਜੀ ਨੂੰ ਸਤਿਕਾਰ ਭੇਟ ਕੀਤਾ ਹੈ। ਪ੍ਰੰਤੂ ਇਹ ਵਡੇਰੇ ਦੁੱਖ ਦੀ ਗੱਲ ਹੈ ਕਿ ਮਹਾਨ ਸ਼ਹੀਦ ਬੀਬੀ ਸ਼ਰਨ ਕੌਰ ਜੀ ਦੇ ਜੀਵਨ, ਕਾਰਜ ਅਤੇ ਵਿਰਾਸਤ ਨੂੰ ਦਰਸਾਉਂਦੀ ਅੱਜ ਤੱਕ ਇੱਕ ਵੀ ਪੁਸਤਕ ਨਹੀਂ ਲਿਖੀ ਗਈ।

ਭਾਵੇਂ ਬੀਬੀ ਜੀ ਦੇ ਪਿੰਡਵਾਸੀਆਂ ਨੇ ਕਰੀਬ 125 ਸਾਲ ਪਹਿਲਾਂ ਪਿੰਡ ਰਾਏਪੁਰ (ਸ੍ਰੀ ਚਮਕੌਰ ਸਾਹਿਬ) ਵਿਖੇ ਬੀਬੀ ਸ਼ਰਨ ਕੌਰ ਦੇ ਨਿਵਾਸ ਅਸਥਾਨ ਉੱਤੇ ਗੁਰਦੁਆਰਾ ਸਾਹਿਬ ਉਸਾਰ ਦਿੱਤਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਚਮਕੌਰ ਸਾਹਿਬ ਵਿਖੇ ਬੀਬੀ ਸ਼ਰਨ ਕੌਰ ਖਾਲਸਾ ਕਾਲਜ ਸਥਾਪਿਤ ਕਰ ਕੇ ਮਹਾਨ ਸ਼ਹਾਦਤ ਨੂੰ ਵੱਡਾ ਸਤਿਕਾਰ ਭੇਟ ਕੀਤਾ ਹੈ। ਇਸੇ ਤਰ੍ਹਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਾਣਕਾਰੀ ਭਰਪੂਰ ਵੀਡੀਓ ਬਣਾ ਕੇ ਉੱਦਮ ਜਰੂਰ ਕੀਤਾ ਹੈ। ਪ੍ਰੰਤੂ ਬੀਬੀ ਸ਼ਰਨ ਕੌਰ ਜੀ ਦੀ ਪੂਰੀ ਜੀਵਨ ਗਾਥਾ ਲਿਖਵਾਉਣ, ਛਪਵਾਉਣ ਅਤੇ ਦੂਰ ਦੂਰ ਤੱਕ ਪਹੁੰਚਾਉਣ ਦਾ ਅੱਜ ਤੱਕ ਕੋਈ ਸਾਰਥਿਕ ਉੱਦਮ ਨਹੀਂ ਕੀਤਾ। ਇਹ ਇਤਿਹਾਸਕ ਕਾਰਜ ਸਿੱਖ ਵਿਦਵਾਨਾਂ ਦੀ ਪਹਿਲ ਬਣ ਜਾਣਾ ਚਾਹੀਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਬੀਬੀ ਜੀ ਦੇ ਭਾਈਚਾਰੇ ਦੀਆਂ ਸਮੂੰਹ ਜਥੇਬੰਦੀਆਂ ਨੂੰ ਇਸ ਪਾਸੇ ਉਚੇਚਾ ਧਿਆਨ ਦੇਣਾ ਚਾਹੀਦਾ ਹੈ।

ਅਜਿਹੀਆਂ ਸਤਿਕਾਰਤ ਮਹਾਨ ਇਤਿਹਾਸੀ ਸ਼ਖਸ਼ੀਅਤਾਂ ਦਾ ਸਤਿਕਾਰ ਹੀ ਸਾਡੀਆਂ ਭਵਿੱਖੀ ਨਸਲਾਂ ਨੂੰ ਵਿਰਸੇ ਨਾਲ ਜੋੜ ਕੇ ਕੌਮ ਪ੍ਰਸਤੀ ਦੀ ਜੋਤ ਜਗਦੀ ਰੱਖ ਸਕੇਗਾ।

ਸੰਪਰਕ: 9417604947



ਕਹਾਣੀ

ਕੈਸੀ ਸੰਤਾਨ

ਈਸ਼ਰ ਸਿੰਘ
ਥਲੀ ਕਲਾਂ

ਪੁਜਾਰੀ ਸੁਣ ਕੇ ਹੈਰਾਨ ਰਹਿ ਗਿਆ। ਉਸ ਦਾ ਦਿਮਾਗ ਸੁੰਨ ਹੋ ਗਿਆ। ਉਹ ਸੋਚ ਵੀ ਨਹੀਂ ਸਕਦਾ ਸੀ ਕਿ ਉਸ ਦੇ ਭਗਤ ਪਿਆਰੇ ਲਾਲ ਦੀ ਸੰਤਾਨ ਐਨੀ ਗਿਰ ਜਾਵੇਗੀ। ਤਹਿਸੀਲਦਾਰ ਪਿਆਰਾ ਲਾਲ ਪੰਜ ਕੁ ਸਾਲ ਪਹਿਲਾਂ ਚੌਂਤੀ ਸਾਲ ਦੀ ਸੇਵਾ ਕਰ ਕੇ ਮੁਕਤ ਹੋਇਆ ਸੀ। ਸਾਰੀ ਉਮਰ ਉਸ ਨੇ ਸੇਵਾ ਭਾਵਨਾ ਨਾਲ ਕੰਮ ਕੀਤਾ ਸੀ। ਉਸ ਦੇ ਸਾਥੀ ਹੈਰਾਨ ਸਨ ਕਿ ਉਹ ਪਤਾ ਨੀ ਕਿਹੜੀ ਮਿੱਟੀ ਦਾ ਬਣਿਆਂ ਹੋਇਆ ਹੈ? ਰਿਸ਼ਵਤ ਤਾਂ ਬਹੁਤ ਦੂਰ ਦੀ ਗੱਲ, ਉਹ ਕਿਸੇ ਤੋਂ ਮਠਿਆਈ ਦਾ ਡੱਬਾ ਵੀ ਨਹੀਂ ਲੈਂਦਾ ਸੀ। ਫਿਰ ਵੀ ਮਹਿਕਮੇ ਨੇ ਉਸ ਦੀ ਕੋਈ ਕਦਰ ਨਹੀਂ ਪਾਈ। ਉਸ ਦੇ ਸਾਥੀ ਉਸ ਨੂੰ ਟਿੱਚਰਾਂ ਕਰਦੇ ਰਹਿੰਦੇ ਸਨ। ਕੋਈ ਕਹਿੰਦਾ ਸੀ, ਉਹ ਜਿਹਾ ਦੁਨੀਆਂ ਵਿੱਚ ਆਇਆ ਜਿਹਾ ਨਹੀਂ। ਕੋਈ ਕਹਿੰਦਾ ਸੀ, ਵੇਚਾਰਾ ਗਊ ਦਾ ਜਾਇਆ ਹੈ ਇਵ। ਘਰ ਵਿੱਚ ਵੀ ਉਹ ਕਿਸੇ ਕੁੱਝ ਨਹੀਂ ਸੀ ਕਹਿੰਦਾ। ਬਸ ਉਸ ਨੇ ਆਪਣੀ ਜ਼ਿੰਦਗੀ ਦੇ ਕੁੱਝ ਅਸੂਲ ਬਣਾਏ ਹੋਏ ਸਨ। ਖ਼ਾਸ ਕਰ ਕੇ ਉਹ ਬਦਮਾਸ਼ਾਂ ਅਤੇ ਬੇਈਮਾਨਾਂ ਤੋਂ ਦੂਰੀ ਬਣਾਈ ਰਖਦਾ ਸੀ ਅਤੇ ਨਿਮਾਣਿਆਂ ਦੀ ਚਰਨਾਂ ਦੀ ਧੂੜ ਬਣ ਕੇ ਰਹਿੰਦਾ ਸੀ। ਉਸ ਦੇ ਦੋ ਪੁੱਤਰ ਸਨ। ਉਸ ਦੀ ਪਤਨੀ ਦੀ ਸਿਹਤ ਕਾਫ਼ੀ ਚੰਗੀ ਸੀ। ਪਿਆਰਾ ਲਾਲ ਰੋਜ਼ ਮੰਦਰ ਜਾਇਆ ਕਰਦਾ ਸੀ ਜਿੱਥੇ ਪੁਜਾਰੀ ਪਰਮਾਨੰਦ ਉਸ ਨੂੰ ਬੜਾ ਪਿਆਰ ਕਰਦਾ ਸੀ।

ਪੁਜਾਰੀ ਬੜਾ ਸਮਝਦਾਰ ਸੀ। ਉਹ ਲੋਕਾਂ ਨੂੰ ਸਿੱਖਿਆ ਦਿਆ ਕਰਦਾ ਸੀ ਕਿ ਉਹ ਸੰਸਾਰਿਕ ਪਦਾਰਥਾਂ ਤੋਂ ਮੋਹ ਤੋੜ ਕੇ ਰਾਮ ਜੀ ਦੇ ਚਰਨਾਂ ਨਾਲ ਜੁੜਨ। ਅਕਸਰ ਉਸ ਦਾ ਇਹ ਭਜਨ ਬੱਚੇ-ਬੱਚੇ ਦੀ ਜ਼ੁਬਾਨ 'ਤੇ ਚੜ੍ਹਿਆ ਹੋਇਆ ਸੀ, " ਨਾ ਜੋੜ-ਜੋੜ, ਕੁੱਝ ਭੋਰ ਭੋਰ। ਖਾਣੇ ਵਾਲੇ ਖਾ ਜਾਣਗੇ, ਜਮਦੂਤ ਘੇਰਾ ਪਾ ਲੈਣਗੇ"। ਪਿਆਰੇ ਲਾਲ ਹਮੇਸ਼ਾਂ ਇਹ ਭਜਨ ਗਾਇਆ ਕਰਦਾ ਸੀ।ਉਸ ਨੂੰ ਇਸ ਤੋਂ ਸ਼ਾਂਤੀ ਮਿਲਦੀ ਸੀ। ਸਮੇਂ ਦੇ ਬੀਤਣ ਨਾਲ ਉਹ ਬਿਮਾਰ ਰਹਿਣ ਲਗ ਪਿਆ। ਉਸ ਦੇ ਵੱਡੇ ਮੁੰਡੇ ਦੀ ਸ਼ਾਦੀ ਹੋ ਚੁੱਕੀ ਸੀ। ਘਰ ਵਿੱਚ ਨੂੰਹ ਆ ਗਈ ਸੀ। ਭਾਵੇਂ ਘਰ ਵਿੱਚ ਕੋਈ ਤੰਗੀ ਨਹੀਂ ਸੀ, ਪਰ ਨਵਾਂ ਜੋੜਾ ਉੱਚੀਆਂ ਉਡਾਰੀਆਂ ਮਾਰਨੀਆਂ ਚਾਹੁੰਦਾ ਸੀ। ਉਨ੍ਹਾਂ ਕੋਲ ਧਨ ਗੁਜ਼ਾਰੇ ਜੋਗਾ ਹੀ ਸੀ।

ਇੱਕ ਦਿਨ ਵੱਡਾ ਮੁੰਡਾ ਆਪਣੀ ਪਤਨੀ ਨੂੰ ਨਾਲ ਲੈ ਕੇ ਪੁਜਾਰੀ ਕੋਲ ਗਿਆ। ਪਹਿਲਾਂ ਬੈਠਾ ਰਿਹਾ, ਫਿਰ ਬੇਨਤੀ ਕਰਨ ਲੱਗਾ, "ਬਾਬਾ ਜੀ! ਵੇਖੋ ਤਾਂ ਸਹੀ, ਬਾਬੂ ਜੀ ਦੀ ਉਮਰ ਕਿੰਨੀ ਹੋ ਗਈ ਹੈ। ਪਰਮਾਤਮਾ ਜੇਕਰ ਉਨ੍ਹਾਂ ਨੂੰ ਆਪਣੇ ਕੋਲ ਸੱਦ ਲਵੇ ਤਾਂ ਚੰਗਾ ਹੈ, ਜੰਜਾਲ ਤੋਂ ਛੁੱਟ ਜਾਣਗੇ ਅਤੇ ਅਸੀਂ ਵੀ ਚਾਰ ਦਿਨ ਚੱਜ ਦੇ ਜੀਅ ਲਵਾਂਗੇ। ਪੈਸੇ ਤਾਂ ਸਾਰੇ ਇਨ੍ਹਾਂ ਦੇ ਨਾਂ 'ਤੇ ਹੀ ਹਨ"।

ਸ਼ਾਮ ਵੇਲੇ ਪਿਆਰੇ ਲਾਲ ਵੀ ਮੰਦਿਰ ਵਿੱਚ ਆ ਗਿਆ। ਪੁਜਾਰੀ ਦਾ ਮਨ ਤਾਂ ਪਹਿਲਾਂ ਹੀ ਦੁੱਖੀ ਸੀ। ਉਹ ਸੋਚ ਰਿਹਾ ਸੀ ਕਿ ਇੰਨੇ ਇਮਾਨਦਾਰ ਬੰਦੇ ਨੂੰ ਕਿਹੋ ਜਿਹੀ ਸੰਤਾਨ ਮਿਲੀ ਹੈ। ਬਾਅਦ ਵਿੱਚ ਉਸ ਦੀ ਪਤਨੀ ਵੀ ਮੱਥਾ ਟੇਕਣ ਆ ਗਈ। ਸ਼ਾਮ ਦਾ ਵੇਲਾ ਸੀ। ਪੁਜਾਰੀ ਆਰਤੀ ਦੀ ਤਿਆਰੀ ਕਰ ਰਿਹਾ ਸੀ। ਪਿਆਰੇ ਦੀ ਘਰ ਵਾਲੀ ਹੱਥ ਜੋੜ ਕੇ ਖੜ੍ਹ ਗਈ। ਉਹ ਮੂੰਹੋਂ ਕੁੱਝ ਬੋਲ ਰਹੀ ਸੀ। ਪੁਜਾਰੀ ਦੇ ਕੰਨ ਵਿੱਚ ਸ਼ਬਦ ਪਏ, "ਹੈ ਮਹਾਰਾਜ! ਤੂੰ ਸਭ ਦਾ ਮਾਲਕ ਅਤੇ ਪਾਲਣਹਾਰ ਹੈਂ, ਕੁੱਝ ਸਾਡਾ ਵੀ ਸੋਚ। ਮੇਰਾ ਪਤੀ ਹੁਣ ਬਿਮਾਰ ਰਹਿੰਦਾ ਹੈ। ਇਸ ਦੀ ਮੁਕਤੀ ਕਰ ਦੇ। ਧਨ ਦਾ ਮੂੰਹ ਮੈਂ ਵੀ ਦੇਖ ਸਕਾਂ"।

❋ ❋ ❋ ❋ ❋

ਸ਼ਰਧਾਂਜਲੀ

ਨਿਊਜ਼ੀਲੈਂਡ ਦੇ ਸ਼ਹਿਰ ਟੌਰੰਗਾ ਦੇ ਨਿਵਾਸੀ **ਸ. ਜੋਗਿੰਦਰ ਸਿੰਘ ਦੀਵਾਨਾ** 81 ਸਾਲ ਦੀ ਮਾਣਭਰਪੂਰ ਜ਼ਿੰਦਗੀ ਭੋਗ ਕੇ 31 ਅਗਸਤ, 2026 ਨੂੰ ਅਕਾਲ ਚਲਾਣਾ ਕਰ ਗਏ ਹਨ। ਪੰਜਾਬ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਭੁੰਗਰਨੀ ਵਿਖੇ ਸ. ਮਿਹਰ ਸਿੰਘ ਬੋਲ੍ਹਾ ਦੇ ਘਰ ਜਨਮੇ ਸ. ਜੋਗਿੰਦਰ ਸਿੰਘ ਨੇ ਸਕੂਲੀ ਸਿੱਖਿਆ ਪਾਂਸ਼ਟਾ ਪਿੰਡ ਤੋਂ ਹਾਸਲ ਕਰ ਕੇ ਕੁੱਝ ਸਮਾਂ ਪੰਜਾਬ ਰੋਡਵੇਜ਼ ਵਿੱਚ ਕੰਡਕਟਰ ਦੀ ਨੌਕਰੀ ਕੀਤੀ ਪਰ ਫਿਰ ਬਿਹਤਰ ਰੁਜ਼ਗਾਰ ਲਈ ਨਿਊਜ਼ੀਲੈਂਡ ਚਲੇ ਗਏ। ਆਪਦੀ ਸ਼ਾਦੀ ਪਿੰਡ ਪੰਜੋੜ ਦੇ ਤੰਬੜ ਪਰਿਵਾਰ ਦੀ ਹੋਣਹਾਰ ਬੇਟੀ ਬਲਬੀਰ ਕੌਰ ਨਾਲ ਹੋਈ ਜਿਸ ਤੋਂ ਆਪ ਦੇ ਤਿੰਨ ਬੇਟੀਆਂ ਅਤੇ ਇੱਕ ਬੇਟਾ ਹੈ ਜੋ ਕਿ ਸਾਰੇ ਨਿਊਜ਼ੀਲੈਂਡ ਵਿੱਚ ਵਧੀਆ ਜ਼ਿੰਦਗੀ ਬਿਤਾ ਰਹੇ ਹਨ। ਆਪ ਨੇ ਆਪਣੀ ਸਖ਼ਤ ਮਿਹਨਤ ਨਾਲ ਆਪਣੇ ਸਾਰੇ ਪਰਿਵਾਰ ਨੂੰ ਪੈਰਾਂ ਸਿਰ ਖੜ੍ਹੇ ਹੋਣ ਦੇ ਯੋਗ ਬਣਾਇਆ ਅਤੇ ਸਮਾਜ ਵਿੱਚ ਸਨਮਾਨਯੋਗ ਸਥਾਨ ਹਾਸਲ ਕੀਤਾ। ਆਪ ਅਤਿ ਦੇ ਮਿਲਣਸਾਰ ਅਤੇ ਹਸਮੁਖ ਇਨਸਾਨ ਸਨ ਜਿਨ੍ਹਾਂ ਨੇ ਹਰ ਲੋੜਵੰਦ ਦੀ ਸਹਾਇਤਾ ਕੀਤੀ। ਆਪ ਹਰ ਸਾਲ ਆਪਣੇ ਪਿੰਡ ਆ ਕੇ ਗੁਰੂ ਹਰ ਰਾਇ ਜੀ ਦਾ ਗੁਰਪੁਰਬ ਮਨਾਉਂਦੇ ਅਤੇ ਟੂਰਨਾਮੈਂਟ ਕਰਵਾਉਂਦੇ ਸਨ ਜਿਸ ਕਾਰਨ ਸਾਰੇ ਪਿੰਡਵਾਸੀਆਂ ਵਿੱਚ ਹਰਮਨਪਿਆਰੇ ਸਨ। ਟੌਰੰਗਾ ਵਿਖੇ ਵੀ ਉਹ ਕਈ ਸਮਾਜਸੇਵੀ ਸੰਸਥਾਵਾਂ ਦੇ ਅਹੁਦੇਦਾਰ ਸਨ।



ਪ੍ਰਤਿਭਾਸ਼ਾਲੀ ਬਾਲ ਵਿਗਿਆਨੀ

ਓਂਕਾਰ ਸਿੰਘ ਬਤਰਾ

ਰਜਿੰਦਰ ਸਿੰਘ ਨਨੂੰਆਂ
ਸੈਣੀ ਭਵਨ ਰੂਪਨਗਰ



ਓਂਕਾਰ ਸਿੰਘ ਬਤਰਾ ਇਕ ਵਿਲੱਖਣ ਪ੍ਰਤਿਭਾ ਵਾਲਾ ਨੌਜਵਾਨ ਵਿਗਿਆਨੀ ਹੈ ਜਿਸ ਨੇ ਆਪਣੀ ਛੋਟੀ ਜਿਹੀ ਉਮਰ ਵਿਚ ਹੀ ਅਚੰਭਿਤ ਕਾਰਨਾਮੇ ਕਰਕੇ ਸਾਰੇ ਸੰਸਾਰ ਦਾ ਧਿਆਨ ਆਪਣੇ ਵੱਲ ਖਿੱਚਿਆ। ਉਸ ਦਾ ਜਨਮ 10 ਨਵੰਬਰ, 2005 ਨੂੰ ਜੰਮੂ ਵਿਖੇ ਹੋਇਆ। ਉਸ ਦੇ ਪਿਤਾ ਸ. ਮਹੀਪਾਲ ਸਿੰਘ ਖਾਲਸਾ ਆਈ.ਟੀ. ਸੈਕਟਰ ਵਿਚ ਕੰਮ ਕਰਦੇ ਹਨ। ਓਂਕਾਰ ਸਿੰਘ ਬਤਰਾ ਬੀ.ਐਸ.ਐਫ ਪਬਲਿਕ ਸਕੂਲ, ਜੰਮੂ ਦਾ ਵਿਦਿਆਰਥੀ ਰਿਹਾ। ਸੱਤ ਸਾਲ ਦੀ ਉਮਰ ਵਿਚ ਜਦੋਂ ਬੱਚੇ ਅਜੇ ਗਲੀਆਂ ਵਿੱਚ ਖੇਡਦੇ-ਕੁਦਦੇ ਅਤੇ ਸਕੂਲ ਵਿੱਚ ਲਿਖਣਾ-ਪੜ੍ਹਨਾ ਸਿੱਖਦੇ ਹਨ, ਓਂਕਾਰ ਸਿੰਘ ਨੇ ਆਪਣੀ ਇਕ ਵੈਂਬ ਸਾਈਟ ਬਣਾ ਲਈ ਅਤੇ ਸੰਸਾਰ ਦਾ ਸਭ ਤੋਂ ਛੋਟੀ ਉਮਰ ਦਾ ਵੈਂਬ ਮਾਸਟਰ ਗਿਆ।

ਕੇਵਲ 12 ਸਾਲ ਦੀ ਉਮਰ ਵਿਚ ਜਦੋਂ ਵਿਦਿਆਰਥੀ ਅਜੇ ਭੌਤਿਕ ਵਿਗਿਆਨ ਦੇ ਮੁਢਲੇ ਸਿਧਾਂਤ ਵੀ ਨਹੀਂ ਸਮਝਦਾ, ਓਂਕਾਰ ਸਿੰਘ ਨੇ ਥਿਉਰੀ ਆਫ਼ ਰੈਲੇਟਿਵਿਟੀ ਦੇ ਗੁੰਝਲਦਾਰ ਵਿਸ਼ੇ 'ਤੇ 49 ਸਫਿਆਂ ਦੀ ਇਕ ਕਿਤਾਬ ਲਿਖੀ ਜਿਸ ਵਿੱਚ ਮਹਾਨ ਵਿਗਿਆਨੀ ਐਲਬਰਟ ਆਈਂਸਟਾਇਨ ਦੀ ਗਰੈਵੀਟੇਸ਼ਟਨਲ ਟਾਇਮ ਡਾਇਲੇਸ਼ਨ ਦੀ ਥਿਉਰੀ ਨੂੰ ਚੈਲੰਜ ਕੀਤਾ। ਆਪਣੇ ਇਨ੍ਹਾਂ ਵਿਲੱਖਣ ਖੋਜੀ ਕਾਰਜਾਂ ਕਰਕੇ ਉਸ ਨੂੰ ਸੰਸਾਰ ਦਾ ਯੰਗ ਵੈਂਬ ਮਾਸਟਰ, ਸਭ ਤੋਂ ਛੋਟੀ ਉਮਰ ਦਾ ਈ.ਐਮ.ਐਫ ਰਿਸਰਚਰ ਅਤੇ ਸਭ ਤੋਂ ਛੋਟੀ ਉਮਰ ਦਾ ਵਿਗਿਆਨੀ ਲਿਖਾਰੀ ਹੋਣ ਦਾ ਮਾਣ ਹਾਸਲ ਹੋਇਆ। ਇਸ ਕਾਰਨ ਉਸ ਨੂੰ ਸੰਸਾਰ ਪੱਧਰ ਦੇ ਤਿੰਨ ਵਿਸ਼ੇਸ਼ ਐਵਾਰਡ ਪ੍ਰਾਪਤ ਹੋਏ।

ਓਂਕਾਰ ਸਿੰਘ ਨੇ ਮਨੁੱਖੀ ਭਲਾਈ ਦੇ ਕਾਰਜਾਂ ਵਿੱਚ ਵੀ ਵਿਸ਼ੇਸ਼ ਯੋਗਦਾਨ ਪਾਇਆ। ਜਦੋਂ ਸੰਸਾਰ ਵਿਚ ਕੋਵਿਡ-19 ਦਾ ਕਹਿਰ ਬਰਸ ਰਿਹਾ ਸੀ ਤਾਂ ਉਸ ਸਮੇਂ ਓਂਕਾਰ ਸਿੰਘ ਨੇ ਕੇਵਲ 17 ਘੰਟਿਆਂ ਵਿਚ ''ਕੋਵਿਡ ਕੇਅਰ ਜੰਮੂ'' ਨਾਮ ਦੀ ਵੈਂਬ ਸਾਈਟ ਤਿਆਰ ਕੀਤੀ ਜਿਸ ਨਾਲ ਕੋਵਿਡ ਦੇ ਮਰੀਜਾਂ ਤੱਕ ਡਾਕਟਰਾਂ ਦੀ ਪਹੁੰਚ ਸੁਖਾਲੀ ਹੋਈ ਅਤੇ ਮਰੀਜਾਂ ਨੂੰ ਮਹੱਤਵਪੂਰਨ ਅਤਿ ਜਰੂਰੀ ਮੈਡੀਕਲ ਸਹੂਲਤ ਮਿਲਣੀ ਯਕੀਨੀ ਹੋ ਸਕੀ। ਉਸ ਦੀਆਂ ਛੋਟੀ ਉਮਰ ਵਿਚ ਅਜਿਹੇ ਅਦਭੁੱਤ ਵਿਗਿਆਨਕ ਕਾਰਜਾਂ ਕਾਰਨ ਭਾਰਤ ਦੇ ਰਾਸ਼ਟਰਪਤੀ, ਸ੍ਰੀ ਰਾਮ ਨਾਥ ਕੋਵਿੰਦ ਵਲੋਂ 2020 ਵਿਚ ਉਸ ਨੂੰ ਰਾਸ਼ਟਰੀ ਬਾਲ ਸ਼ਕਤੀ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ।

ਓਂਕਾਰ ਸਿੰਘ ਬਤਰਾ ਨੇ 16 ਸਾਲ ਦੀ ਉਮਰ ਵਿਚ ਭਾਰਤ ਦਾ ਪਹਿਲਾ ਓਪਨ ਸੋਰਸ ਸੈਟੇਲਾਈਟ ਇੰਨਕਿਊਬ ਉਦੋਂ ਬਣਾਇਆ ਜਦੋਂ ਅਜੇ ਉਹ ਸਕੂਲ ਵਿਚ ਹੀ ਪੜ੍ਹਾਈ ਕਰ ਰਿਹਾ ਸੀ। ਇਸ ਸੈਟੇਲਾਈਟ ਦਾ ਵਜਨ ਕੇਵਲ ਇਕ ਕਿਲੋ ਸੀ। ਉਸ ਦੇ ਇਸ ਅਦਭੁੱਤ ਖੋਜੀ ਕਾਰਜ ਤੋਂ ਪ੍ਰਭਾਵਿਤ ਹੋ ਕੇ ਆਈ.ਆਈ.ਟੀ, ਜੰਮੂ ਦੇ ਪ੍ਰਬੰਧਕਾਂ ਵਲੋਂ ਉਸ ਨੂੰ ਆਪਣੇ ਕਾਲਜ ਵਿਚ ਇੰਜੀਨੀਅਰਜ਼ ਨੂੰ ਸਪੇਸ ਸਿਸਟਮ ਪੜ੍ਹਾਉਣ ਲਈ ਬਤੌਰ ਗੈਸਟ ਪ੍ਰੋਫੈਸਰ ਸੱਦਾ ਦਿੱਤਾ ਗਿਆ ਜਦੋਂ ਕਿ ਉਹ ਅਜੇ ਸਕੂਲ ਦਾ ਵਿਦਿਆਰਥੀ ਸੀ।

ਇਸ ਨੌਜਵਾਨ ਵਿਗਿਆਨੀ ਨੇ ਆਪਣੀ ਵਿਗਿਆਨੀ ਪ੍ਰਤਿਭਾ ਨੂੰ ਅਮਲੀ ਰੂਪ ਦੇਣ ਲਈ ਵੀ ਚੜ੍ਹਦੀ ਉਮਰ ਵਿੱਚ ਹੀ ਉਪਰਾਲੇ ਸ਼ੁਰੂ ਕਰ ਦਿੱਤੇ। ਇਸ ਪ੍ਰਵਿਰਤੀ ਅਧੀਨ 19-20 ਸਾਲ ਉਮਰ ਵਿਚ ਉਹ ਅਮਰੀਕਾ ਦੀ ਕੈਲੇਫੋਰਨੀਆ ਸਟੇਟ ਵਿੱਚ ਸਿਲੀਕੌਨ ਵੈਲੀ ਵਿਚ ਪਹੁੰਚ ਕੇ ਕਾਰਜਸ਼ੀਲ ਹੋ ਗਿਆ ਜਿੱਥੇ ਉਸ ਨੇ ਐਪੋਲਿੰਕ ਸਪੇਸ-ਟੈਕ ਕੰਪਨੀ ਸ਼ੁਰੂ ਕਰ ਲਈ। ਓਂਕਾਰ ਸਿੰਘ ਦੀ ਇਸ ਕੰਪਨੀ ਵਿਚ ਵਾਈ ਕੰਬੀਨੇਟਰ, 468 ਕੈਪੀਟਲ, ਅਨਸੈਕਲਡ ਵੈਂਚਰਜ਼, ਰੈਬਲ ਫੰਡਜ਼, ਏਂਜਲ ਇਨਵੈਸਟਰਜ਼, ਲੌਰਾ ਕਰੈਬਟਰੀ, ਬੈਂਜਾਮਿਨ ਬਰਾਅੈਂਟ ਵਰਗੀਆਂ ਅੰਤਰਰਾਸ਼ਟਰੀ ਪੱਧਰ ਦੀਆਂ ਕੰਪਨੀਆਂ ਨੇ 4.3 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਜੋ ਕਿ ਭਾਰਤੀ ਕਰੰਸੀ ਵਿਚ 40.96 ਕਰੋੜ ਬਣਦਾ ਹੈ। ਇਹ ਕੰਪਨੀ ਪੁਲਾੜ ਵਿੱਚ ਉਸ ਮੁਸ਼ਕਲ ਨੂੰ ਹੱਲ ਕਰਨ ਲਈ ਕੰਮ ਕਰ ਰਹੀ ਹੈ ਜਿਸ ਨੂੰ ਅਜੇ ਤੱਕ ਅਮਰੀਕੀ ਪੁਲਾੜੀ ਸੰਸਥਾ, ਨਾਸਾ ਵੀ ਹੱਲ ਨਹੀਂ ਕਰ ਸਕੀ। ਇਹ ਸਮੱਸਿਆ ਸੀ ਸੈਟੇਲਾਈਟਸ ਦੇ ਧਰਤੀ ਦੁਆਲੇ ਓਰਬਿਟ ਦਾ ਹਨੇਰਾ ਪੱਖ (ਡਾਰਕ ਜੋਨ) ਜਿੱਥੇ ਇਨ੍ਹਾਂ ਸੈਟੇਲਾਈਟਸ਼ 'ਤੇ ਗਰਾਉਂਡ ਸਟੇਸਨ ਨਜਰ ਨਹੀਂ ਸੀ ਰੱਖ ਸਕਦੇ। ਓਂਕਾਰ ਸਿੰਘ ਦੀ ਨਵੀਂ ਅਪੋਲਿੰਕ ਕੰਪਨੀ ਨੇ 32 ਛੋਟੇ ਸੈਟੇਲਾਈਟਾਂ ਦਾ ਇਕ ਅਜਿਹਾ ਰਿੰਗ ਬਣਾਇਆ ਹੈ ਜਿਹੜਾ ਲੇਜ਼ਰ ਅਤੇ ਰੇਡੀਓ ਨਾਲ ਲੈਸ ਹੋ ਕੇ ਪੁਲਾੜ ਵਿਚ ਗਰਾਉਂਡ ਸਟੇਸ਼ਨ ਦੇ ਤੌਰ ਤੇ ਕੰਮ ਕਰਕੇ ਸਮੱਸਿਆਵਾਂ ਦਾ ਹੱਲ ਕਰ ਸਕੇਗਾ। ਜੁਲਾਈ 2026 ਵਿਚ ਓਂਕਾਰ ਸਿੰਘ ਦੀ ਇਸ ਕੰਪਨੀ ਨੇ ਆਪਣੀ ਨਵੀਂ ਟੈਕਨੋਲੌਜੀ ਨਾਲ ਲੈਸ ਸੈਟੇਲਾਈਟ ਨੂੰ ਸਪੇਸ ਐਕਸ ਮਿਸ਼ਨ 'ਤੇ ਭੇਜਿਆ ਜੋ ਕਿ ਇਕ ਵਿਸ਼ੇਸ਼ ਉਪਲੱਬਧੀ ਹੈ।



ਹੁਣ ਜੰਮੂ ਦਾ ਇਹ ਕੇਸਾਧਾਰੀ 'ਸਿੱਖ ਰਾਈਡਰ' ਹੁਣ ਇੰਟਰਨੈਟ ਫਾਰ ਸਪੇਸ ਦੀ ਨਵੀਂ ਖੋਜ ਕਰਕੇ ਵਿਗਿਆਨ ਦੇ ਖੇਤਰ ਵਿਚ ਨਿਵੇਕਲੀ ਉਪਲੱਬਧੀ ਪ੍ਰਾਪਤ ਕਰਨ ਜਾ ਰਿਹਾ ਹੈ। ਉਸ ਦੀਆਂ ਇਹ ਹੈਰਾਨੀਜਨਕ ਨਵੀਨ ਖੋਜਾਂ ਉਸ ਨੂੰ ਸੰਸਾਰ ਦੇ ਮਹਾਨ ਵਿਗਿਆਨੀਆਂ ਦੀ ਮੁਹਰਲੀ ਕਤਾਰ ਵਿਚ ਖੜ੍ਹਾ ਕਰਦੀਆਂ ਹਨ।

ਰਾਸ਼ਟਰ ਮੰਡਲ ਖੇਡਾਂ 2026 ਅਤੇ ਭਾਰਤ ਦੀ ਕਾਰਗੁਜ਼ਾਰੀ

ਅਜਮੇਰ ਸਿੰਘ (ਡਾ.)
ਰੂਪਨਗਰ



ਓਲੰਪਿਕਸ ਤੋਂ ਬਾਅਦ ਰਾਸ਼ਟਰ ਮੰਡਲ ਖੇਡਾਂ ਵਿਸ਼ਵ ਦਾ ਸਭ ਤੋਂ ਵੱਡਾ ਬਹੁਖੇਡ ਆਯੋਜਿਨ ਹੈ। ਇਹ ਹਰ ਚਾਰ ਸਾਲ ਬਾਅਦ ਕਰਵਾਇਆ ਜਾਂਦਾ ਹੈ ਜਿਸ ਵਿੱਚ ਯੂ.ਕੇ. ਅਧੀਨ ਰਹਿ ਚੁੱਕੇ ਦੇਸ਼ ਭਾਗ ਲੈਂਦੇ ਹਨ। ਇਹ ਖੇਡ ਮੁਕਾਬਲੇ 1930 ਵਿੱਚ ਸ਼ੁਰੂ ਹੋਏ ਜਿਸ ਵਿੱਚ ਭਾਰਤ ਨੇ ਪਹਿਲੀ ਵਾਰ 1934 ਵਿੱਚ ਭਾਗ ਲਿਆ। ਸਾਲ 2026 ਦੀਆਂ ਇਹ ਖੇਡਾਂ ਯੂ.ਕੇ.ਦੇ ਉਤਰੀ ਸ਼ਹਿਰ ਗਲਸਗੋ ਵਿਖੇ 23 ਜੁਲਾਈ ਤੋਂ 2 ਅਗਸਤ ਤੱਕ ਆਯੋਜਿਤ ਕੀਤੀਆਂ ਗਈਆਂ ਜਿਸ ਵਿੱਚ 74 ਦੇਸ਼ਾਂ ਦੇ 3000 ਤੋਂ ਵੱਧ ਖਿਡਾਰੀਆਂ ਨੇ 10 ਖੇਡ ਮੁਕਾਬਲਿਆਂ ਵਿੱਚ ਭਾਗ ਲੈ ਕੇ ਆਪਣੀ ਸਰੀਰਿਕ ਸਮਰੱਥਾ ਅਤੇ ਕਲਾ ਦਾ ਪ੍ਰਦਰਸ਼ਨ ਕਰਦਿਆਂ ਆਪਣੇ ਆਪਣੇ ਦੇਸ਼ ਦਾ ਨਾਮ ਚਮਕਾਇਆ। ਇਸ ਵਿੱਚ ਭਾਰਤ ਦੇ 122 ਖਿਡਾਰੀਆਂ ਨੇ ਆਪਣੀ ਖੇਡ ਕਲਾ ਦਾ ਪ੍ਰਦਰਸ਼ਨ ਕੀਤਾ ਜਿਨ੍ਹਾਂ ਵਿੱਚ ਅਪੰਗ ਖਿਡਾਰੀ ਖਿਡਾਰੀ ਵੀ ਸਨ। ਇਨ੍ਹਾਂ ਮੁਕਾਬਲਿਆਂ ਵਿੱਚ ਅਸਟ੍ਰੇਲੀਆ 171 ਤਮਗਿਆਂ ਨਾਲ ਪਹਿਲੇ ਨੰਬਰ 'ਤੇ, ਇੰਗਲੈਂਡ ਤੇ ਕੈਨੇਡਾ 110 ਤੇ 63 ਤਮਗਿਆਂ ਨਾਲ ਦੂਜੇ ਅਤੇ ਤੀਜੇ ਸਥਾਨ 'ਤੇ ਅਤੇ ਭਾਰਤ 39 ਤਮਗਿਆਂ ਨਾਲ ਚੌਥੇ ਸਥਾਨ 'ਤੇ ਰਿਹਾ। ਇਹ ਕਾਰਗੁਜ਼ਾਰੀ ਏਨੀ ਵਧੀਆ ਨਹੀਂ ਰਹੀ ਕਿਉਂਕਿ ਸਾਲ 2022 ਵਿੱਚ ਭਾਰਤੀ ਖਿਡਾਰੀਆਂ ਨੇ 61 ਅਤੇ 2018 ਵਿੱਚ 66 ਤਮਗੇ ਜਿੱਤੇ ਸਨ। ਇਸ ਸਾਲ ਜਿੱਤੇ ਤਮਗਿਆਂ ਵਿੱਚ 13 ਸੋਨ ਤਮਗੇ, 17 ਚਾਂਦੀ ਤਮਗੇ ਅਤੇ 9 ਕਾਂਸੀ ਤਮਗੇ ਸ਼ਾਮਿਲ ਹਨ। ਸਭ ਤੋਂ ਵੱਧ 7 ਸੋਨ ਤਮਗੇ ਮੁੱਕੇਬਾਜ਼ੀ ਵਿੱਚ ਹਾਸਲ ਕੀਤੇ। ਇਹ ਪ੍ਰਤਿਭਾਸ਼ਲੀ ਖਿਡਾਰੀ ਹਨ-

ਭਾਰਚੁੱਕਣ ਦੇ ਮੁਕਾਬਲੇ ਵਿੱਚ ਮੀਰਾਬਾਈ ਚਾਨੂੰ, ਨੇ ਔਰਤਾਂ ਦੇ 48 ਕਿੱਲੋ ਭਾਰ ਵਰਗ ਵਿੱਚ ਸੋਨਾ, ਮਨੀਪੁਰ ਦੇ ਵੇਟ੍ਰਲਿਫਟਰ ਰਿਸ਼ੀਕਾਂਤ ਸਿੰਘ ਨੇ 60 ਕਿੱਲੋ ਭਾਰ ਵਰਗ ਵਿੱਚ ਚਾਂਦੀ, ਵਲੂਰੀ ਅਜਬਾ ਬਾਬੂ ਨੇ ਪੁਰਸ਼ਾਂ ਦੇ 79 ਕਿੱਲੋ ਭਾਰ ਵਰਗ ਵਿੱਚ ਚਾਂਦੀ, ਮੁਥੁਪੰਥੀ ਰਾਜਾ ਨੇ ਪੁਰਸ਼ਾਂ ਦੇ 65 ਕਿੱਲੋ ਭਾਰ ਵਰਗ ਵਿੱਚ ਚਾਂਦੀ, ਗਿਆਨੇਸ਼ਵਰੀ ਯਾਦਵ ਨੇ ਮਹਿਲਾਵਾਂ ਦੇ 53 ਕਿੱਲੋ ਭਾਰ ਵਰਗ ਵਿੱਚ ਚਾਂਦੀ, ਪੰਜਾਬ ਦੀ ਹਰਜਿੰਦਰ ਕੌਰ ਨੇ 69 ਕਿੱਲੋ ਮਹਿਲਾ ਭਾਰ ਵਰਗ ਵਿੱਚ ਚਾਂਦੀ, ਅੰਮ੍ਰਿਤਸਰ ਦੇ 28 ਸਾਲਾ ਲਵਪ੍ਰੀਤ ਸਿੰਘ ਨੇ ਪੁਰਸ਼ਾਂ ਦੇ 110 ਕਿੱਲੋ ਭਾਰ ਵਰਗ ਵਿੱਚ ਚਾਂਦੀ, ਬਿਦਿਆਨੀ ਦੇਵੀ ਨੇ ਮਹਿਲਾ 58 ਕਿੱਲੋ ਭਾਰ ਵਰਗ ਵਿੱਚ ਕਾਂਸੀ ਅਤੇ ਝੰਡੂ ਕੁਮਾਰ ਨੇ ਹੈਵੀਵ੍ਹੇਟ ਪੈਰਾਪਾਵਰ ਮੁਕਾਬਲੇ ਵਿੱਚ ਕਾਂਸੀ ਤਮਗਾ ਹਾਸਲ ਕੀਤਾ।

ਮੁੱਕੇਬਾਜ਼ੀ ਵਿੱਚ ਮਹਿਲਾਵਾਂ ਦੇ ਮੁਕਾਬਲਿਆਂ ਵਿੱਚ ਜੈਸਮੀਂਨ ਲੰਬਰੀਆ ਨੇ 57 ਕਿੱਲੋ ਭਾਰ ਵਰਗ ਵਿੱਚ, ਪ੍ਰੀਤੀ ਪਵਾਰ ਨੇ 54 ਕਿੱਲੋ ਭਾਰ ਵਰਗ ਵਿੱਚ, ਪ੍ਰਿਯਾ ਘਾਘਸ ਨੇ 60 ਕਿੱਲੋ ਭਾਰ ਵਰਗ ਵਿੱਚ, ਸਾਕਸ਼ੀ ਚੌਧਰੀ ਨੇ 51 ਕਿੱਲੋ ਭਾਰ ਵਰਗ ਵਿੱਚ ਅਤੇ ਅਰੁੰਧਤੀ ਚੌਧਰੀ ਨੇ 70 ਕਿੱਲੋ ਭਾਰ ਵਰਗ ਵਿੱਚ ਸੋਨ ਤਮਗੇ ਜਦੋਂਕਿ ਲਵਲੀਨਾ ਬੋਰਹੋਗੇਨ ਨੇ 70 ਕਿੱਲੋ ਭਾਰ ਵਰਗ ਵਿੱਚ ਚਾਂਦੀ ਤਮਗਾ ਹਾਸਲ ਕੀਤਾ। ਇਸ ਖੇਡ ਦੇ ਪੁਰਸ਼ ਮੁਕਾਬਲਿਆਂ ਵਿੱਚ ਸਚਿਨ ਸਿਵਾਚ ਨੇ 60 ਕਿੱਲੋ ਭਾਰ ਵਰਗ ਵਿੱਚ ਅਤੇ ਅੰਕੁਸ਼ ਪੰਘਲ ਨੇ 80 ਕਿੱਲੋ ਭਾਰ ਵਰਗ ਵਿੱਚ ਸੋਨ ਤਮਗੇ ਜਦੋਂਕਿ ਜਾਦੂਮਣੀ ਸਿੰਘ ਅਤੇ ਨਾਰੇਂਦਰ ਬੇਰੋਵਾਲ ਨੇ ਆਪਣੇ ਆਪਣੇ ਭਾਰ ਵਰਗ ਵਿੱਚ ਚਾਂਦੀ ਤਮਗੇ ਹਾਸਲ ਕੀਤੇ।

ਜੁੱਡੋ ਖੇਡ ਦੇ ਮਹਿਲਾ ਮੁਕਾਬਲਿਆਂ ਵਿੱਚ ਅਸਮਿਤਾ ਡੇਅ ਨੇ 48 ਕਿੱਲੋ ਭਾਰ ਵਰਗ ਵਿੱਚ ਅਤੇ ਯਾਮਨੀ ਮੌਰੀਆ ਨੇ 57 ਕਿੱਲੋ ਭਾਰ ਵਰਗ ਵਿੱਚ ਚਾਂਦੀ ਤਮਗੇ ਅਤੇ ਉੱਨਤੀ ਸ਼ਰਮਾ ਨੇ ਕਾਂਸੀ ਹਾਸਲ ਕੀਤਾ। ਪੁਰਸ਼ਾਂ ਦੇ ਜੁੱਡੋ ਮੁਕਾਬਲਿਆਂ ਵਿੱਚ 23 ਸਾਲਾ ਹਰਸ਼ ਸਿੰਘ ਨੇ 0 ਕਿੱਲੋ ਭਾਰ ਵਰਗ ਵਿੱਚ ਸੋਨ ਤਮਗਾ ਹਾਸਲ ਕੀਤਾ।

ਗੋਲਾ ਸੁੱਟਣ ਦੇ ਮਹਿਲਾ ਮੁਕਾਬਲਿਆਂ ਵਿੱਚ ਪੋਲੀਓ ਦੀ ਸ਼ਿਕਾਰ ਸ਼ਰਮੀਲਾ ਧਨਖੜ ਨੇ ਐਫ-57 ਵਰਗ ਵਿੱਚ ਸੋਨ ਤਮਗਾ ਅਤੇ ਇਸੇ ਵਰਗ ਵਿੱਚ ਸ਼ਿਲਪਾ ਸ਼ਾਇਲਾ ਨੇ ਕਾਂਸੀ, ਸ਼ੁਭਮ ਜੁਆਲ ਨੇ ਚਾਂਦੀ ਅਤੇ ਸੋਮਨ ਰਾਣਾ ਨੇ ਸੋਨ ਤਮਗਾ ਜਿੱਤਿਆ। ਇਸ ਖੇਡ ਮੁਕਬਲੇ ਵਿੱਚ ਮਹਿਲਾ ਸੀਮਾ ਕਾਲੀਰਮਨਾ ਨੇ ਕਾਂਸੀ ਤਮਗਾ ਜਿੱਤਿਆ। ਪੁਰਸ਼ਾਂ ਦੇ ਐਫ਼-57 ਮੁਕਾਬਲਿਆਂ ਵਿੱਚ ਸੋਮਨ ਰਾਣਾ ਨੇ ਸੋਨ ਤਮਗਾ ਹਾਸਲ ਕੀਤਾ।

ਦੌੜ ਮੁਕਾਬਲਿਆਂ ਵਿੱਚ ਪੰਜਾਬ ਦੇ ਗੁਲਵੀਰ ਸਿੰਘ ਨੇ ਦੋ ਤਮਗੇ ਹਾਸਲ ਕੀਤੇ। ਇੱਕ 10000 ਮੀਟਰ ਦੌੜ ਵਿੱਚ ਚਾਂਦੀ ਅਤੇ ਦੂਜਾ 5000 ਮੀਟਰ ਦੌੜ ਵਿੱਚ ਤਾਂਬਾ ਤਮਗਾ। ਮਹਾਂਰਾਸ਼ਟਰ ਦੇ ਪੈਰਾਐਥਲੀਟ ਦਲੀਪ ਗਾਵਤ ਨੇ ਟੀ-47 ਵਰਗ ਵਿੱਚ 100 ਮੀਟਰ ਦੌੜ 10.71 ਸੈਕਿੰਡ ਵਿੱਚ ਪੂਰੀ ਕਰ ਕੇ ਨਵਾਂ ਰਿਕਾਰਡ ਬਣਾਇਆ ਅਤੇ ਸੋਨ ਤਮਗਾ ਅਤੇ ਇਸੇ ਵਰਗ ਵਿੱਚ ਕੇਰਲ ਦੇ ਮੋਹੰਮਦ ਬਾਸਲ ਨੇ ਚਾਂਦੀ ਤਮਗਾ ਲਿਆ।

ਲੰਬੀ ਛਾਲ ਦੇ ਪੁਰਸ਼ ਮੁਕਾਬਲਿਆਂ ਵਿੱਚ ਮੁਰਲੀ ਸ਼੍ਰੀਸ਼ੰਕਰ ਨੇ ਇਕਹਿਰੀ ਛਾਲ ਵਿੱਚ ਚਾਂਦੀ ਤਮਗਾ, ਤੀਹਰੀ ਛਾਲ ਵਿੱਚ ਪ੍ਰਵੀਨ ਚਿੱਤਰਾਵਲ ਨੇ ਚਾਂਦੀ ਅਤੇ ਸਲੇਵਾ ਪ੍ਰਭੂ ਨੇ ਕਾਂਸੀ ਤਮਗੇ ਹਾਸਲ ਕੀਤੇ।

ਨੇਜ਼ਾ-ਸੁੱਟ ਮੁਕਾਬਲੇ ਵਿੱਚ ਨੀਰਜ ਚੋਪੜਾ ਨੇ ਚਾਂਦੀ ਤਮਗਾ ਅਤੇ ਯਸ਼ਵੀਰ ਸਿੰਘ ਨੇ ਕਾਂਸੀ ਤਮਗਾ ਲਿਆ।

ਡੀਕੈਥਲੋਨ ਦੇ ਪੁਰਸ਼ ਮੁਕਾਬਲੇ ਵਿੱਚ ਤੇਜਸਵਿਨ ਸ਼ੰਕਰ ਨੇ ਕਾਂਸੀ ਤਮਗਾ ਹਾਸਲ ਕੀਤਾ।

ਸੈਣੀ ਭਵਨ ਰੂਪਨਗਰ ਦੀਆਂ ਸਰਗਰਮੀਆਂ (ਜੁਲਾਈ - ਸਤੰਬਰ 2026)- ਤਸਵੀਰਾਂ ਦੀ ਜ਼ੁਬਾਨੀ



ਸ. ਨਿਰਮੋਲਕ ਸਿੰਘ ਮੁੱਖ ਮਹਿਮਾਨ, ਸ਼੍ਰੀ ਰਾਮ ਕੁਮਾਰ ਮੁਕਾਰੀ ਚੇਅਰਮੈਨ ਪੰਜਾਬ ਰਾਜ ਸੈਣੀ ਭਲਾਈ ਬੋਰਡ
ਅਤੇ ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ ਮੈਗਜ਼ੀਨ 'ਸੈਣੀ ਸੰਸਾਰ' ਦਾ 61ਵਾਂ ਅੰਕ ਜਾਰੀ ਕਰਦੇ ਹੋਏ।



ਸੈਣੀ ਭਵਨ ਦੇ ਪ੍ਰਬੰਧਕ, ਸੈਣੀ ਬਰਾਦਰੀ ਦੀਆਂ ਮੰਗਾਂ ਸਬੰਧੀ
ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨਾਲ ਮੁਲਾਕਾਤ ਕਰਦੇ ਹੋਏ



ਸੈਣੀ ਭਵਨ ਰੂਪਨਗਰ ਵਿਖੇ 26ਵੇਂ ਖੂਨਦਾਨ ਕੈਂਪ
ਸਮੇਂ ਖੂਨਦਾਨੀਆਂ ਨੂੰ ਅਸ਼ੀਰਵਾਦ ਦਿੰਦੇ ਹੋਏ
ਮੁੱਖ ਮਹਿਮਾਨ ਅਤੇ ਪ੍ਰਬੰਧਕ।



ਸੈਣੀ ਭਵਨ ਰੂਪਨਗਰ ਵੱਲੋਂ ਆਯੋਜਿਤ ਪੰਜਾਬੀ ਸੈਮੀਨਾਰ
ਸਮੇਂ ਸੰਬੋਧਨ ਕਰਦੇ ਹੋਏ ਮੁੱਖ ਬੁਲਾਰੇ
ਪ੍ਰੋ. ਸੁਖਦੇਵ ਸਿੰਘ ਸਿਰਸਾ



Estd. 1971

ਸੈਣੀ ਸੰਸਾਰ
Saini Sansar

PUBLISHERS

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ